
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ
VOL - 5 ISSUE - 39
January 4, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2017 ਦੀਆਂ 'ਦੇਸ਼ ਦੁਆਬਾ' ਦੇ ਸਮੂਹ ਪਾਠਕਾਂ, ਪ੍ਰਸ਼ੰਸਕਾਂ ਅਤੇ ਸਹਿਯੋਗੀਆਂ ਨੂੰ ਲੱਖ-ਲੱਖ ਵਧਾਈਆਂ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮਾਗਮ

## ਪਟਨਾ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚੀਆਂ, ਦਰਸ਼ਨਾਂ ਲਈ ਗੰਗਾ 'ਚ ਚਲਾਏ ਤਿੰਨ ਜਹਾਜ਼

**ਪਟਨਾ ਸਾਹਿਬ (ਬਿਊਰੋ)-** ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸਮਾਗਮ ਇੱਥੇ ਤਖ਼ਤ ਸ੍ਰੀ ਪਟਨਾ ਸਾਹਿਬ ਵਿੱਚ ਧਾਰਮਿਕ ਰਹੁ-ਰੀਤਾਂ ਅਤੇ ਸ਼ਾਨੋ-ਸ਼ੌਕਤ ਨਾਲ ਹਰਨਾਮ ਸਿੰਘ ਖਾਲਸਾ ਨੇ ਹੁਕਮਨਾਮੇ ਦੀ ਵਿਆਖਿਆ ਕੀਤੀ। ਉਧਰ ਗਾਂਧੀ ਮੈਦਾਨ ਵਿੱਚ ਸਜਾਏ ਵੱਡੇ ਪੰਡਾਲ ਵਿੱਚ ਧਾਰਮਿਕ ਸਮਾਗਮ ਸ਼ੁਰੂ ਕਰ ਦਿੱਤੇ ਗਏ। ਇਹ ਸਮਾਗਮ 1 ਤੋਂ 5 ਜਨਵਰੀ ਤੱਕ ਚੱਲਣਗੇ। ਤਖ਼ਤ ਸ੍ਰੀ ਨੇ ਇਨ੍ਹਾਂ ਸਮਾਗਮਾਂ ਦਾ ਇੰਤਜ਼ਾਮ ਕੁੰਭ ਮੇਲੇ ਦੀ ਤਰਜ਼ 'ਤੇ ਕੀਤਾ ਹੈ। ਬਿਹਾਰ ਪੁਲੀਸ ਨੇ ਸੰਗਤ ਦੀ ਵਧ ਰਹੀ ਆਮਦ ਕਾਰਨ ਪਟਨਾ ਸ਼ਹਿਰ ਵਿੱਚ ਦੂਜੀਆਂ ਗੱਡੀਆਂ ਦੇ ਦਾਖ਼ਲੇ 'ਤੇ ਰੋਕ ਲਾ ਦਿੱਤੀ ਹੈ। ਸਿਰਫ਼ ਸ਼ਰਧਾਲੂਆਂ





ਸ਼ੁਰੂ ਹੋ ਗਏ। ਤਖ਼ਤ ਨਾਲ ਸਜਾਏ ਵਿਸ਼ੇਸ਼ ਪੰਡਾਲ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਤੜਕੇ ਸਵਾ ਚਾਰ ਵਜੇ ਤੋਂ ਆਸਾ ਦੀ ਵਾਰ ਦਾ ਪਾਠ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ ਨੇ ਕੀਤਾ। ਦਮਦਮੀ ਟਕਸਾਲ ਦੇ ਮੁਖੀ ਬਾਬਾ ਪਟਨਾ ਸਾਹਿਬ ਵਿੱਚ ਨਤਮਸਤਕ ਹੋਣ ਲਈ ਸੰਗਤ ਤੜਕੇ ਤੋਂ ਕਤਾਰਾਂ ਵਿੱਚ ਲੱਗ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਉਤਸਵ ਨੂੰ ਲੈ ਕੇ ਸਿੱਖ ਸੰਗਤ ਦੇ ਨਾਲ-ਨਾਲ ਦੇਸ਼ ਵਾਸੀਆਂ ਵਿੱਚ ਵੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਬਿਹਾਰ ਸਰਕਾਰ ਨੂੰ ਲਿਆਉਣ ਵਾਲੀਆਂ ਗੱਡੀਆਂ ਨੂੰ ਹੀ ਦਾਖ਼ਲ ਹੋਣ ਦਿੱਤਾ ਜਾ ਰਿਹਾ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅੱਜ ਤਖ਼ਤ ਸ੍ਰੀ ਪਟਨਾ ਸਾਹਿਬ ਵਿੱਚ ਨਤਮਸਤਕ ਹੋਏ ਅਤੇ ਜਥੇਦਾਰ ਗਿਆਨੀ ਇਕਬਾਲ

**(ਬਾਕੀ ਸਫਾ 18 'ਤੇ)**

# ਪੰਜਾਬ ਸਮੇਤ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਐਲਾਨੀਆਂ, ਚੋਣ ਜ਼ਾਬਤਾ ਲਾਗੂ

## ਸਿਰਫ 28 ਲੱਖ ਖਰਚ ਸਕਣਗੇ ਉਮੀਦਵਾਰ, ਉਮੀਦਵਾਰਾਂ ਦੇ ਨਾਂ ਨਾਲ ਤਸਵੀਰ ਵੀ ਲੱਗੀ ਹੋਵੇਗੀ

**ਪਟਿਆਲਾ (ਬਿਊਰੋ)-** ਚੋਣ ਕਮਿਸ਼ਨ ਨੇ ਅੱਜ ਪੰਜ ਸੂਬਿਆਂ ਦੀਆਂ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿਚ ਚੋਣਾਂ 4 ਫਰਵਰੀ ਨੂੰ ਹੋਣਗੀਆਂ। ਉਤਰਾਖੰਡ ਵਿਚ 15 ਫਰਵਰੀ, ਗੋਆ ਵਿਚ 4 ਫਰਵਰੀ ਨੂੰ ਚੋਣਾਂ ਹੋਣਗੀਆਂ। ਉਤਰ ਪ੍ਰਦੇਸ਼ ਵਿਚ 7 ਪੜਾਵਾਂ ਵਿਚ ਚੋਣਾਂ ਹੋਣਗੀਆਂ। ਇਹਨਾਂ ਚੋਣਾਂ ਵਿਚ ਪਹਿਲੀ ਵਾਰ ਈ. ਵੀ. ਐਮ. 'ਤੇ ਉਮੀਦਵਾਰਾਂ ਦੇ ਨਾਂ ਦੇ ਨਾਲ ਉਹਨਾਂ ਦੀ ਤਸਵੀਰ ਵੀ ਲੱਗੀ ਹੋਵੇਗੀ। ਉਤਰ ਪ੍ਰਦੇਸ਼, ਉਤਰਾਖੰਡ ਅਤੇ ਪੰਜਾਬ ਵਿਚ ਉਮੀਦਵਾਰਾਂ ਦੇ ਖਰਚ ਦੀ ਸੀਮਾ 28 ਲੱਖ ਰੁਪਏ ਰੱਖੀ ਗਈ ਹੈ। ਮਣੀਪੁਰ ਅਤੇ ਗੋਆ ਵਿਚ ਖਰਚ ਦੀ ਸੀਮਾ 20 ਲੱਖ ਹੋਵੇਗੀ। ਪੰਜਾਬ ਵਿਚ ਪਹਿਲੀ ਵਾਰ ਆਮ ਆਦਮੀ ਪਾਰਟੀ ਚੋਣ ਲੜਨ ਜਾ ਰਹੀ ਹੈ, ਜਿਸ ਕਾਰਨ ਪੰਜਾਬ ਵਿਚ ਚੋਣ ਮੁਕਾਬਲਾ ਇਸ ਵਾਰ ਤਿਕੋਣਾ ਹੋ ਗਿਆ ਹੈ।

### ਕੈਪਟਨ ਨੂੰ ਘੇਰਨ ਲਈ ਕਪਤਾਨ

ਪੰਜਾਬ ਦੀ ਵਕਾਰੀ ਮੰਨੀ ਜਾਂਦੀ ਪਟਿਆਲਾ ਸ਼ਹਿਰੀ ਸੀਟ 'ਤੇ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਅਕਾਲੀ ਦਲ ਵੱਲੋਂ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਜੇ.ਜੇ.ਸਿੰਘ ਨੂੰ ਮੈਦਾਨ 'ਚ ਉਤਾਰੇ ਜਾਣ ਦੀ ਚਰਚਾ ਹੈ। ਦੱਸਿਆ ਜਾ ਰਿਹਾ ਹੈ ਕਿ ਅਜਿਹੇ ਮੁਕਾਬਲੇ ਲਈ ਜਨਰਲ ਜੇ.ਜੇ.ਸਿੰਘ ਨੇ ਅਸਥਾਈ ਤੌਰ 'ਤੇ ਅੱਜ ਤੋਂ ਪਟਿਆਲਾ ਡੇਰੇ ਵੀ ਲਗਾ ਲਏ ਹਨ। ਅਕਾਲੀ ਦਲ ਵੱਲੋਂ ਪਟਿਆਲਾ ਸ਼ਹਿਰੀ ਸੀਟ 'ਤੇ ਹਾਲੇ ਤਕ ਉਮੀਦਵਾਰ ਨਹੀਂ ਐਲਾਨਿਆ ਗਿਆ। ਦੱਸਿਆ ਜਾਂਦਾ ਹੈ ਕਿ ਪਾਰਟੀ ਹਾਈਕਮਾਂਡ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਕਿਸੇ ਤਕੜੀ ਸ਼ਖ਼ਸੀਅਤ ਦੀ ਭਾਲ ਕੀਤੀ ਜਾ ਰਹੀ ਸੀ। ਸੂਤਰਾਂ ਮੁਤਾਬਿਕ ਆਖ਼ਰ ਪਾਰਟੀ ਨੂੰ ਜਨਰਲ ਜੇ.ਜੇ. ਸਿੰਘ ਵਰਗੀ ਉੱਚ ਪੱਧਰੀ ਸ਼ਖ਼ਸੀਅਤ ਲੱਭ ਗਈ ਹੈ।

ਅਕਾਲੀ ਦਲ ਦੇ ਬੁਲਾਰੇ ਤੇ ਮੈਂਬਰ ਪਾਰਲੀਮੈਂਟ ਨੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਹੈ ਕਿ ਪਾਰਟੀ ਅਮਰਿੰਦਰ ਸਿੰਘ ਨੂੰ ਪਟਿਆਲਾ 'ਚ ਹੀ ਘੇਰਨ ਦੀ ਪੂਰੀ ਵਿਉਂਤਬੰਦੀ ਬਣਾ ਰਹੀ ਹੈ। ਭਾਵੇਂ ਸ੍ਰੀ ਚੰਦੂਮਾਜਰਾ ਨੇ ਅਹਿਮ ਸ਼ਖ਼ਸੀਅਤ ਦਾ ਪਰਦਾ ਹੀ ਰੱਖਿਆ ਪ੍ਰੰਤੂ ਸਿਆਸੀ ਸੂਤਰਾਂ ਮੁਤਾਬਿਕ ਜਨਰਲ ਜੇ.ਜੇ.ਸਿੰਘ ਹੀ ਪਾਰਟੀ ਦੀ ਨਜ਼ਰ 'ਚ

**(ਬਾਕੀ ਸਫਾ 18 'ਤੇ)**


SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



ਲੋਪੋਕੇ ਭਰਾਵਾਂ ਨੇ ਸੈਕਰਾਮੈਂਟੋ ਵਿੱਚ ਲਾਈਆਂ ਸੁਰਾਂ ਦੀਆਂ ਛਹਿਬਰਾਂ
*(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 23 'ਤੇ)*


Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ
510-689-4625
CalBre # 01423409
42820 Albrae St., Fremont, CA 94538



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਨਵਾਂ ਸਾਲ 2017 ਦੀਆਂ ਲੱਖ-ਲੱਖ ਵਧਾਈਆਂ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ




## ਗੁਰੂ ਪਿਆਰੀ ਸਾਧ ਸੰਗਤ ਜੀ

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਜਨਵਰੀ, ਫਰਵਰੀ 2017 ਮਹੀਨੇ ਦੇ ਧਾਰਮਿਕ ਪ੍ਰੋਗਰਾਮ

### ਜਨਵਰੀ 8, 2017

### ਸੁਖਮਨੀ ਸਾਹਿਬ ਜੀ ਦਾ ਪਾਠ ਭਾਈ ਜਤਿੰਦਰ ਸਿੰਘ ਰਾਲਮਿਲ ਅਤੇ ਪਰਿਵਾਰ ਵੱਲੋਂ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਆਗਾਮੀ 8 ਜਨਵਰੀ 2017 ਨੂੰ ਭਾਈ ਜਤਿੰਦਰ ਸਿੰਘ ਰਾਲਮਿਲ, ਬੀਬੀ ਰਮਨਜੀਤ ਰਾਲਮਿਲ ਅਤੇ ਪਰਿਵਾਰ ਵੱਲੋਂ ਆਪਣੇ ਸਪੁੱਤਰ ਏਕਮਜੀਤ ਸਿੰਘ ਰਾਲਮਿਲ ਦੇ ਚੌਥੇ ਜਨਮ ਦਿਨ ਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਰਲਮਿਲ ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਹਾਜ਼ਰ ਹੋ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ। ਕਮੇਟੀ ਵੱਲੋਂ ਬੱਚੇ ਏਕਮਜੀਤ ਸਿੰਘ ਨੂੰ ਲੰਮੀ ਅਤੇ ਸਿਹਤਮੰਦ ਜ਼ਿੰਦਗੀ ਦੀਆਂ ਸ਼ੁਭਕਾਮਨਾਵਾਂ।

### ਜਨਵਰੀ 13, 2017 (ਲੋਹੜੀ ਸਮਾਗਮ)


ਜਨਵਰੀ 13, 2017 ਨੂੰ ਗੁਰੂ ਘਰ ਵਿਖੇ ਲੋਹੜੀ ਦਾ ਤਿਉਹਾਰ ਸ਼ਾਮੀ 6 ਵਜੇ (ਸ਼ੁੱਕਰਵਾਰ) ਨੂੰ ਮਨਾਇਆ ਜਾਵੇ। ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਗੁਰੂ ਘਰ ਵਿਖੇ ਇਹ 5ਵਾਂ ਲੋਹੜੀ ਪੁਰਬ ਮਨਾਇਆ ਜਾ ਰਿਹਾ ਹੈ। ਨਵ-ਜੰਮੇ ਬੱਚਿਆਂ ਵਾਲੇ ਮਾਪਿਆਂ ਨੂੰ ਸਪੈਸ਼ਲ ਬੇਨਤੀ ਹੈ ਕਿ ਉਹ ਆਪਣੇ ਬੱਚਿਆਂ ਦੇ ਜਨਮ ਦਿਨ ਸਮੂਹਿਕ ਤੌਰ ਤੇ ਗੁਰੂ ਘਰ ਵਿਖੇ ਮਨਾਉਣ।

### ਜਨਵਰੀ 15, 2017

ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ (ਕੋਈ ਵੀ ਸੇਵਾ ਲੈ ਸਕਦਾ ਹੈ)

### ਜਨਵਰੀ 22, 2017

ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ (ਕੋਈ ਵੀ ਸੇਵਾ ਲੈ ਸਕਦਾ ਹੈ)



ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ

### ਜਨਵਰੀ 27, 28, 29- 2017

### ਬਰਸੀ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ

ਗੁਰੂ ਘਰ ਪਿਟਸਬਰਗ ਵਿਖੇ ਆਗਾਮੀ 27 ਤੋਂ 29 ਜਨਵਰੀ ਤੱਕ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦੀ 8ਵੀਂ ਬਰਸੀ ਸਮੂਹ ਰਾਮ ਪਰਿਵਾਰ ਵੱਲੋਂ ਮਨਾਈ ਜਾ ਰਹੀ ਹੈ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਲੰਗਰ ਦੀ ਸੇਵਾ ਹੋਵੇਗੀ। ਸ੍ਰੀ ਲਾਹੌਰੀ ਰਾਮ ਜੀ ਜੋ ਕਿ ਇਕ ਅਦਭੁਤ ਸ਼ਖਸੀਅਤ ਅਤੇ ਸਖਤ ਮਿਹਨਤੀ, ਬਿਹਤਰੀਨ ਲੀਡਰਸ਼ਿਪ ਲਈ ਜਾਣੇ ਜਾਂਦੇ ਸਨ, ਨੂੰ ਇਸ ਦਿਨ ਸਥਾਨਕ ਲੀਡਰ ਅਤੇ ਗੁਰੂ ਘਰ ਦੇ ਫਾਊਂਡਿੰਗ ਮੈਂਬਰਾਂ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ। ਅਖੰਡ ਪਾਠ ਸਾਹਿਬ 27 ਜਨਵਰੀ 2017 ਨੂੰ ਪ੍ਰਾਰੰਭ ਹੋਣਗੇ ਅਤੇ 29 ਜਨਵਰੀ ਐਤਵਾਰ ਨੂੰ ਭੋਗ ਪਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਰਾਮ ਪਰਿਵਾਰ ਅਤੇ ਕਮੇਟੀ ਵੱਲੋਂ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਨੂੰ ਸ਼ਰਧਾਂਜਲੀ ਭੇਂਟ ਕਰੋ।

### ਫਰਵਰੀ 10-12, 2017

### ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਉਤਸਵ ਗੁਰੂ ਘਰ ਵਿਖੇ 12 ਫਰਵਰੀ 2017 ਨੂੰ ਮਨਾਇਆ ਜਾ ਰਿਹਾ ਹੈ। ਮਿਤੀ 10 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 12 ਫਰਵਰੀ ਨੂੰ ਪੈਣਗੇ।

**ਪ੍ਰੋਗਰਾਮਾਂ ਦਾ ਵੇਰਵਾ**

ਆਰੰਭ ਸ੍ਰੀ ਅਖੰਡ ਪਾਠ- ਫਰਵਰੀ 10, 2017 (ਸ਼ੁੱਕਰਵਾਰ) 9:20 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ- ਫਰਵਰੀ 11, 2017 (ਸ਼ਨਿਚਰਵਾਰ) ਸ਼ਾਮੀ 3 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- ਫਰਵਰੀ 12, 2017 (ਐਤਵਾਰ) ਸਵੇਰੇ 9:20 ਵਜੇ
ਕੀਰਤਨ ਦੀਵਾਨ- ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 2 ਵਜੇ ਦੁਪਹਿਰ ਤੱਕ ਕੀਰਤਨ ਦੀਵਾਨ ਸਜਣਗੇ

## ਸੰਗਤ ਦੇ ਸੇਵਾਦਾਰ

| Chairperson | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਰੈਣ ਸਬਾਈ ਕੀਰਤਨ



















**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 31 ਦਸੰਬਰ (ਦਿਨ ਸ਼ਨਿਚਰਵਾਰ) ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਵਿਖੇ ਰੈਣ ਸਬਾਈ ਕੀਰਤਨ ਦਰਬਾਰ ਕਰਵਾਇਆ ਗਿਆ, ਜਿਸ ਵਿਚ ਸ਼ਾਮ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਪੰਥ ਪ੍ਰਸਿੱਧ ਜਥੇ ਦੁਆਰਾ ਰਾਤ 12 ਵਜੇ ਤੱਕ ਗੁਰਬਾਣੀ ਕੀਰਤਨ ਦੁਆਰਾ ਆਪਣੀ ਹਾਜ਼ਰੀ ਲਗਵਾਈ ਗਈ, ਜਿਹਨਾਂ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਦਰਸ਼ਨ ਸਿੰਘ ਜੀ ਹਜ਼ੂਰੀ ਰਾਗੀ ਗੁਰੂ ਘਰ ਜਾਰਜ ਵਾਸ਼ਿੰਗਟਨ, ਭਾਈ ਜੋਗਿੰਦਰ ਸਿੰਘ ਜੀ ਯੂਬਾ ਸਿਟੀ, ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਹਨਾਂ ਤੋਂ ਇਲਾਵਾ ਇਸ ਸਮਾਗਮ ਵਿਚ 2 ਛੋਟੇ ਸਿੰਘ ਜੋ ਕਿ ਵਿਸ਼ੇਸ਼ ਤੌਰ 'ਤੇ ਸਿਆਟਲ ਤੋਂ ਆਏ ਹਨ। ਭਾਈ ਭਗੀਰਥ ਸਿੰਘ ਜੀ, ਭਾਈ ਹਜ਼ੂਰ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘਜੀ ਦੇ ਜੀਵਨ 'ਤੇ ਕਵੀਸ਼ਰੀ ਗਾ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਕੀਰਤਨੀ ਜਥਿਆਂ ਨੂੰ ਸਿਰੋਪਾਓ ਬਖਸ਼ਿਬ ਕੀਤੇ ਗਏ। ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸ਼ਾਮ ਪਾਲ ਜੀ ਨੇ ਵੀ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਵਿਚ ਆਪਣੀ ਹਾਜ਼ਰੀ ਲਗਵਾਈ।

ਇਸ ਤੋਂ ਇਲਾਵਾ ਭਾਈ ਸਤਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਵੱਲੋਂ ਜਲੇਬੀਆਂ ਦੇ ਲੰਗਰ ਦੀ ਸੇਵਾ ਕੀਤੀ ਗਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਹੀਆਂ ਸੰਗਤਾਂ ਦਾ ਧੰਨਵਾਦ ਕੀਤਾ।

# ਬੀਬੀ ਨਵਨੀਤ ਕੌਰ ਰੰਧਾਵਾ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 31 ਦਸੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ ਬੀਬੀ ਨਵਨੀਤ ਕੌਰ ਰੰਧਾਵਾ ਪਰਿਵਾਰ ਵੱਲੋਂ ਪਰਿਵਾਰ ਦੀ ਸੁਖ-ਸ਼ਾਂਤੀ ਲਈ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ, ਜਿਸ ਵਿਚ ਗੁਰੂ ਘਰ ਵਿਖੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਬੀ ਰਵਨੀਤ ਕੌਰ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਗੁਰ-ਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

-----


TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# ਨਵੇਂ ਸਾਲ ’ਤੇ ਗੁ: ਅਨੰਦਗੜ੍ਹ ਸਾਹਿਬ ਕਰਮਨ ਵਿਖੇ ਪੰਜਾਬੀ ਸਕੂਲ ਵੱਲੋਂ ਹੋਏ ਵਿਸ਼ੇਸ਼ ਸਮਾਗਮ






**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਨਵੇਂ ਸਾਲ ਦੀ ਆਮਦ ਨੂੰ ਲੈ ਕੇ ਵਿਸ਼ੇਸ਼ ਸਮਾਗਮ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਦੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਹੋਏ। ਹਮੇਸਾ ਦੀ ਤਰ੍ਹਾਂ ਇਲਾਕੇ ਭਰ ਦੀਆਂ ਸੰਗਤਾਂ ਨੇ ਨਵੇਂ ਸਾਲ ਦੀ ਸੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅੰਦਰ ਕੀਤੀ। ਜਿਸ ਦੌਰਾਨ ਰਾਤਰੀ ਦੇ ਦੀਵਾਨਾ ਵਿੱਚ ਕਰਮਨ ਪੰਜਾਬੀ ਸਕੂਲ ਦੇ ਬੱਚਿਆ ਅਤੇ ਹੋਰ ਕੀਰਤਨੀ ਜੱਥਿਆ ਵੱਲੋਂ ਗੁਰਬਾਣੀ ਪਾਠ ਅਤੇ ਕੀਰਤਨ ਕੀਤਾ ਗਿਆ। ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਕਿ ਨਵਾਂ ਸਾਲ ਸਮੁੱਚੀ ਮਨੁੱਖਤਾਂ ਲਈ ਸੁੱਖ-ਸਾਂਤੀ, ਭਾਈਚਾਰਕ ਏਕਤਾ, ਪ੍ਰੇਮ ਸਦਭਾਵਨਾ ਵਾਲਾ ਅਤੇ ਖੁਸੀਆਂ-ਖੇੜਿਆ ਭਰਿਆ ਖੁਸ਼ਹਾਲ ਸਮਾਂ ਲੈ ਕੇ ਆਏ। ਨਵੇਂ ਸਾਲ ਦੀ ਸਵੇਰ ਦੇ ਦੀਵਾਨਾ ਵਿੱਚ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਸੋਢੀ ਸਿੰਘ ਦੇ ਜੱਥੇ ਵੱਲੋਂ ਹਾਜ਼ਰੀ ਭਰੀ ਗਈ। ਉਪਰੰਤ ਭਾਈ ਕੁਲਵੰਤ ਸਿੰਘ ਖੈਹਿਰਾ, ਭਾਈ ਮੇਜਰ ਸਿੰਘ ਆਦਿਕ ਨੇ ਗੁਰਮਤਿ ਵਿਚਾਰਾ ਸਾਝੀਆਂ ਕੀਤੀਆਂ। ਬੱਚਿਆ ਵਿੱਚੋਂ ਈਸਾ ਗਰੇਵਾਲ, ਕਿਰਨ ਕੌਰ ਆਦਿਕ ਬਹੁਤ ਸਾਰੇ ਬੱਚਿਆ ਨੇ ਕਵਿਤਾਵਾਂ ਅਤੇ ਗੁਰ-ਇਤਹਾਸ ਸਾਂਝਾ ਕੀਤਾ। ਜਦ ਕਿ ਪ੍ਰਬੰਧਕਾ ਵਿੱਚੋਂ ਸ. ਕੁਲਦੀਪ ਸਿੰਘ ਕਾਲੇਕਾ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰਪ੍ਰੀਤ ਸਿੰਘ ਜਾਨੀ ਨੇ ਸਟੇਜ਼ ਸੇਵਾ ਬਾਖੂਬੀ ਨਿਭਾਈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਬੁਲਾਰਿਆ ਨੇ ਵਿਚਾਰਾ ਦੀ ਸਾਂਝ ਪਾਈ। ਨਵੇਂ ਸਾਲ ਦੇ ਸਮੁੱਚੇ ਪ੍ਰੋਗਰਾਮਾ ਦੀ ਸੇਵਾ ਸ. ਗੁਰਜੰਟ ਸਿੰਘ ਗਿੱਲ ਅਤੇ ਪਰਿਵਾਰ ਵੱਲੋਂ ਨਿਭਾਈ ਗਈ। ਗੁਰੂ ਦਾ ਲੰਗਰ ਅਤੁੱਟ ਵਰਤਿਆ।

## ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 6 ਤੋਂ 8 ਜਨਵਰੀ ਤੱਕ ਮਨਾਇਆ ਜਾਵੇਗਾ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 6 ਤੋਂ 8 ਜਨਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨ-ਾਇਆ ਜਾ ਰਿਹਾ ਹੈ, ਜਿਸ ਵਿਚ ਮਿਤੀ 6 ਜਨਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, ਜਿਹਨਾਂ ਦੇ ਭੋਗ ਮਿਤੀ 8 ਜਨਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਕੀਰਤਨੀਏ, ਕਥਾ ਵਾਚਕ ਗੁਰਬਾਣੀ ਕੀਰਤਨ, ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਸਰਵਣ ਕਰਕੇ ਜੀਵਨ ਸਫਲ ਕਰੋ ਜੀ।

## ਕੁਰਸੀ ਤੇ ਬੈਠਦਿਆਂ ਹੀ ਓਬਾਮਾ ਦੇ ਫੈਸਲੇ ਬਦਲਣਗੇ ਟਰੰਪ

ਵਾਸ਼ਿੰਗਟਨ- ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਆਪਣੇ ਵਿਸ਼ੇਸ਼ ਅਧਿਕਾਰਾਂ ਤਹਿਤ ਲਏ ਕਈ ਫ਼ੈਸਲਿਆਂ ਨੂੰ ਡੋਨਲਡ ਟਰੰਪ ਵੱਲੋਂ ਆਪਣੇ ਵ੍ਹਾਈਟ ਹਾਊਸ ਵਿੱਚ ਪਹਿਲੇ ਹੀ ਦਿਨ ਮਨਸੂਖ਼ ਕੀਤੇ ਜਾਣ ਦੀ ਯੋਜਨਾ ਹੈ ਕਿਉਂਕਿ ਟਰੰਪ ਨੂੰ ਲੱਗਦਾ ਹੈ ਕਿ ਅਜਿਹੇ ਫ਼ੈਸਲੇ ਆਰਥਿਕ ਵਿਕਾਸ ਅਤੇ ਨੌਕਰੀਆਂ ਪੈਦਾ ਕਰਨ ਵਿੱਚ ’ਅੜਿਕਾ’ ਪਾ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਟਰੰਪ ਦੇ ਕਰੀਬੀ ਸੀਨ ਸਪਾਈਸਰ ਨੇ ਏਬੀਸੀ ਦੇ ’ਦਿਸ ਵੀਕ’ ਪ੍ਰੋਗਰਾਮ ਵਿੱਚ ਕਿਹਾ ਕਿ ਟਰੰਪ ਵੱਲੋਂ ਕਾਰਜਭਾਰ ਸੰਭਾਲਣ ਸਾਰ ਮੌਜੂਦਾ ਪ੍ਰਸ਼ਾਸਨ ਵੱਲੋਂ ਪਿਛਲੇ ਅੱਠ ਸਾਲਾਂ ਦੌਰਾਨ ਬਣਾਏ ਨਿਯਮਾਂ ਅਤੇ ਲਏ ਕਈ ਫ਼ੈਸਲਿਆਂ, ਜੋ ਆਰਥਿਕ ਵਿਕਾਸ ਤੇ ਰੁਜ਼ਗਾਰ ਪੈਦਾ ਕਰਨ ਵਿੱਚ ਵਿਘਨ ਪਾ ਰਹੇ ਹਨ, ਨੂੰ ਰੱਦ ਕੀਤਾ ਜਾਵੇਗਾ। ਟਰੰਪ ਦੇ ਵ੍ਹਾਈਟ ਹਾਊਸ ਪ੍ਰੈੱਸ ਸੈਕਟਰੀ ਬਣਨ ਵਾਲੇ ਸਪਾਈਸਰ ਨੇ ਕਿਹਾ ਕਿ ਟਰੰਪ ਵੱਲੋਂ 20 ਜਨਵਰੀ ਨੂੰ ਹਲਫ਼ ਲੈਂਦੇ ਸਾਰ ਇਹ ਕੰਮ ਕੀਤਾ ਜਾਵੇਗਾ। ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਵੱਲੋਂ ਕਿਹੜੇ ਫ਼ੈਸਲੇ ਪਲਟਾਏ ਜਾਣਗੇ। ਜ਼ਿਕਰਯੋਗ ਹੈ ਕਿ ਰੀਅਲ ਅਸਟੇਟ ਕਾਰੋਬਾਰ ਤੋਂ ਸਿਆਸਤ ਵਿੱਚ ਆਏ 70 ਸਾਲਾ ਟਰੰਪ ਵੱਲੋਂ ਓਬਾਮਾ ਦੀ ਆਵਾਸ, ਊਰਜਾ ਨਿਯਮਾਂ ਅਤੇ ਵਿਦੇਸ਼ ਨੀਤੀ ਦੀ ਆਲੋਚਨਾ ਕੀਤੀ ਜਾਂਦੀ ਰਹੀ ਹੈ। ਇਸ ਕਾਰਨ ਉਨ੍ਹਾਂ ਵੱਲੋਂ ਇਨ੍ਹਾਂ ਸਬੰਧੀ ਜਾਂ ਹੋਰ ਮੁੱਦਿਆਂ ’ਤੇ ਲਏ ਫ਼ੈਸਲੇ ਰੱਦ ਕੀਤੇ ਜਾ ਸਕਦੇ ਹਨ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ 17 ਤੋਂ 19 ਫਰਵਰੀ ਨੂੰ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ 17, 18 ਅਤੇ 19 ਫਰਵਰੀ 2017 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਜਿਸ ਪਰਿਵਾਰ ਨੇ ਇਹਨਾਂ ਸਮਾਗਮਾਂ ਵਿਚ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ:

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530-218-4468
ਸ੍ਰੀ ਸਤਿਨਾਮ ਸਿੰਘ (ਜਨਰਲ ਸਕੱਤਰ) 530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ) 530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) 530-790-5985
ਭਾਈ ਪ੍ਰਿਤਪਾਲ ਸਿੰਘ ਜੀ (ਹੈਡ ਗ੍ਰੰਥੀ) 530-674-2564

## ਧਰਮ, ਜਾਤ ਦੇ ਨਾਮ ’ਤੇ ਵੋਟਾਂ ਨਹੀਂ ਮੰਗ ਸਕਣਗੇ ਸਿਆਸੀ ਲੋਕ

**ਨਵੀਂ ਦਿੱਲੀ-** ਪੰਜਾਬ ਸਮੇਤ ਪੰਜ ਸੂਬਿਆਂ ’ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਅਹਿਮ ਫ਼ੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਧਰਮ, ਜਾਤ-ਪਾਤ, ਫ਼ਿਰਕੇ ਜਾਂ ਭਾਸ਼ਾ ਦੇ ਆਧਾਰ ’ਤੇ ਵੋਟਾਂ ਲਈ ਅਪੀਲਾਂ ਕਰਨਾ ਚੋਣ ਕਾਨੂੰਨ ਦੀਆਂ ਧਾਰਾਵਾਂ ਤਹਿਤ ‘ਭ੍ਰਿਸ਼ਟ ਆਚਰਣ’ ਦੇ ਘੇਰੇ ’ਚ ਆਉਂਦਾ ਹੈ। ਇਸ ਫ਼ੈਸਲੇ ਨਾਲ ਧਰਮ, ਜਾਤ-ਪਾਤ ਅਤੇ ਭਾਸ਼ਾ ਦੇ ਆਧਾਰ ’ਤੇ ਵੋਟਾਂ ਮੰਗਣਾ ਜੁਰਮ ਹੋਏਗਾ ਅਤੇ ਜੇਕਰ ਕੋਈ ਜੇਤੂ ਉਮੀਦਵਾਰ ਇਸ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਦੀ ਮੈਂਬਰੀ ਵੀ ਖੁਸ ਸਕਦੀ ਹੈ। ਸੁਪਰੀਮ ਕੋਰਟ ਦੀ 7 ਮੈਂਬਰੀ ਸੰਵਿਧਾਨਕ ਬੈਂਚ ’ਚ ਚੀਫ਼ ਜਸਟਿਸ ਟੀ ਐਸ ਠਾਕੁਰ ਸਮੇਤ ਚਾਰ ਜੱਜਾਂ ਨੇ ਬਹੁਮੱਤ ਨਾਲ ਫ਼ੈਸਲੇ ’ਤੇ ਮੋਹਰ ਲਾਈ। ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 123(3) ’ਚ ’ਉਸ ਦਾ ਧਰਮ’ ਦੀ ਵਿਆਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਵੋਟਰਾਂ, ਉਮੀਦਵਾਰਾਂ ਅਤੇ ਉਨ੍ਹਾਂ ਦੇ ਏਜੰਟਾਂ ਆਦਿ ਦੇ ਧਰਮ ਅਤੇ ਜਾਤ ਇਸ ਦੇ ਘੇਰੇ ਤਹਿਤ ਆਉਂਦੇ ਹਨ। ਤਿੰਨ ਜੱਜਾਂ ਯੂ ਯੂ ਲਲਿਤ, ਏ ਕੇ ਗੋਇਲ ਅਤੇ ਡੀ ਵਾਈ ਚੰਦਰਚੂੜ ਦਾ ਮੰਨਣਾ ਸੀ ਕਿ ਵਿਆਖਿਆ ’ਚ ’ਉਸ ਦੇ ਧਰਮ’ ਤੋਂ ਮਤਲਬ ਸਿਰਫ਼ ਉ-ਮੀਦਵਾਰ ਦਾ ਧਰਮ ਹੈ। ਫ਼ੈਸਲਾ ਸੁਣਾਉਣ ਵਾਲੇ ਹੋਰ ਜੱਜਾਂ ’ਚ ਜਸਟਿਸ ਐਮ ਬੀ ਲੋਕੁਰ, ਐਸ ਏ ਬੋਬੜੇ ਅਤੇ ਐਲ ਐਨ ਰਾਓ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮੁੱਦਿਆਂ ਨੂੰ ਵਿਚਾਰੇ ਜਾਣ ਵੇਲੇ ਧਰਮਨਿਰਪੱਖਤਾ ਦਾ ਖ਼ਿਆਲ ਵੀ ਰੱਖਿਆ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ 27 ਅਕਤੂਬਰ ਨੂੰ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਪਹਿਲਾਂ ਦਿੱਤੇ ਗਏ ਫ਼ੈਸਲੇ ’ਚ ਲੋਕ ਪ੍ਰਤੀਨਿਧਤਾ ਐਕਟ 123(3) ਤਹਿਤ ’ਉਸ ਦਾ ਧਰਮ’ ਤੋਂ ਮਤਲਬ ਸਿਰਫ਼ ਉਮੀਦਵਾਰ ਦਾ ਧਰਮ ਸੀ। ਬੈਂਚ ਨੇ ਕਿਹਾ ਸੀ ਕਿ ਧਰਮ ਮੰਨਣ ਅਤੇ ਉਸ ਦੇ ਪਸਾਰ ਦੀ ਆਜ਼ਾਦੀ ਹੈ ਪਰ ਉਨ੍ਹਾਂ ਪੁੱਛਿਆ ਸੀ ਕਿ ਕੀ ਧਰਮ ਨੂੰ ਚੋਣ ਮਕਸਦਾਂ ਲਈ ਵਰਤਿਆ ਜਾ ਸਕਦਾ ਹੈ। ਬੈਂਚ ਵੱਲੋਂ ਕਈ ਪਟੀਸ਼ਨਾਂ ’ਤੇ ਸੁਣਵਾਈ ਦੌਰਾਨ ਇਹ ਫ਼ੈਸਲਾ ਆਇਆ ਹੈ। ਇਸ ’ਚ ਇਕ ਪਟੀਸ਼ਨ ਅਭਿਰਾਮ ਸਿੰਘ ਦੀ ਸੀ ਜੋ 1990 ’ਚ ਭਾਜਪਾ ਦੀ ਟਿਕਟ ਤੋਂ ਸਾਂਤਾਕਰੂਜ਼ (ਮੁੰਬਈ) ਵਿਧਾਨ ਸਭਾ ਹਲਕੇ ਤੋਂ ਚੁਣਿਆ ਗਿਆ ਸੀ ਅਤੇ ਉਸ ਦੀ ਚੋਣ ਨੂੰ ਬੰਬਈ ਹਾਈ ਕੋਰਟ ਨੇ ਦਰਕਿਨਾਰ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਫਰਵਰੀ 2014 ਨੂੰ ਅਭਿਰਾਮ ਦੀ ਪਟੀਸ਼ਨ ਨੂੰ ਹੋਰਾਂ ਨਾਲ ਜੋੜ ਦਿੱਤਾ ਸੀ ਅਤੇ ਪੰਜ ਜੱਜਾਂ ਦੇ ਬੈਂਚ ਨੇ 2002 ’ਚ ‘ਹਿੰਦੂਤਵ’ ਬਾਰੇ 20 ਸਾਲ ਪਹਿਲਾਂ ਸੁਣਾਏ ਫ਼ੈਸਲੇ ਦੀ ਨਜ਼ਰਸਾਨੀ ਕਰਨ ਦੇ ਨਿਰਦੇਸ਼ ਦਿੱਤੇ ਸਨ। ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 123(3) ਦੀ ਵਿਆਖਿਆ ਕਰਨ ਦਾ ਮਾਮਲਾ 30 ਜਨਵਰੀ 2014 ਨੂੰ ਪੰਜ ਜੱਜਾਂ ਦੇ ਬੈਂਚ ਮੂਹਰੇ ਆਇਆ ਅਤੇ ਉਨ੍ਹਾਂ ਨੇ ਇਹ ਪੜਤਾਲ ਸੱਤ ਜੱਜਾਂ ਦੇ ਵੱਡੇ ਬੈਂਚ ਹਵਾਲੇ ਕਰ ਦਿੱਤੀ।



### ਸਿਆਸੀ ਅਤੇ ਧਾਰਮਿਕ ਸੰਗਠਨਾਂ ਵੱਲੋਂ ਫ਼ੈਸਲੇ ਦਾ ਸਵਾਗਤ

ਸੁਪਰੀਮ ਕੋਰਟ ਵੱਲੋਂ ਧਰਮ ਦੇ ਆਧਾਰ ’ਤੇ ਵੋਟਾਂ ਮੰਗਣ ਨੂੰ ਗ਼ੈਰਕਾਨੂੰਨੀ ਕਰਾਰ ਦਿੱਤੇ ਜਾਣ ਦੇ ਫ਼ੈਸਲੇ ਦਾ ਵੱਖ ਵੱਖ ਸਿਆਸੀ ਪਾਰਟੀਆਂ ਅਤੇ ਧਾਰਮਿਕ ਜਥੇਬੰਦੀਆਂ ਨੇ ਸਵਾਗਤ ਕੀਤਾ ਹੈ। ਕਾਂਗਰਸ ਤਰਜਮਾਨ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ ਕਿ ਸਿਆਸਤ ਦਾ ਰੁਝਾਨ ਧਰਮ ਅਤੇ ਜਾਤ ਆਧਾਰਿਤ ਹੋਣ ਕਰ ਕੇ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਅਹਿਮ ਹੈ। ਉਨ੍ਹਾਂ ਕਿਹਾ,’’ਕੁਝ ਪਾਰਟੀਆਂ ਨੇ ਧਰਮ ਅਤੇ ਜਾਤ ਨੂੰ ਆਪਣੀ ਵਿਚਾਰਧਾਰਾ ਦਾ ਹਿੱਸਾ ਬਣਾ ਕੇ ਭਾਰਤੀ ਸਿਆਸਤ ’ਚ ਚੜ੍ਹਤ ਬਣਾਈ ਹੈ। ਇਸ ਨੂੰ ਨਕਾਰੇ ਜਾਣ ਦੀ ਲੋੜ ਹੈ।’’ ਫ਼ੈਸਲੇ ਦਾ ਸਵਾਗਤ ਕਰਦਿਆਂ ਸੀਪੀਆਈ ਆਗੂ ਡੀ ਰਾਜਾ ਨੇ ਕਿਹਾ ਕਿ ਅਦਾਲਤ ਨੇ ਤਿੱਖਾ ਸੁਨੇਹਾ ਦਿੱਤਾ ਹੈ। ’ਫ਼ੈਸਲਾ ਜ਼ਬਰਦਸਤ ਹੈ ਪਰ ਦੇਖਣਾ ਹੋਏਗਾ ਕਿ ਆਰਐਸਐਸ ਤੇ ਸੰਘ ਪਰਿਵਾਰ ਦੀਆਂ ਹੋਰ ਜਥੇਬੰਦੀਆਂ ਅਤੇ ਕੱਟੜ ਜਥੇਬੰਦੀਆਂ ਇਸ ਨੂੰ ਮੰਨਣਗੀਆਂ।’ ਸੀਪੀਐਮ ਆਗੂ ਬਰਿੰਦਾ ਕਰਤ ਨੇ ਕਿਹਾ,’’ਸੁਪਰੀਮ ਕੋਰਟ ਨੇ ਚੋਣਾਂ ਨੂੰ ਧਰਮ ਨਿਰਪੱਖ ਅਮਲ ਕਰਾਰ ਦਿੱਤਾ ਹੈ। ਜਿਥੋਂ ਤਕ ਜਾਤ ਦਾ ਸਬੰਧ ਹੈ ਤਾਂ ਮੇਰੇ ਵਿਚਾਰ ਨਾਲ ਇਸ ਨੂੰ ਧਰਮ ਨਾਲ ਨਹੀਂ ਜੋੜਨਾ ਚਾਹੀਦਾ।’’ ਉਨ੍ਹਾਂ ਕਿਹਾ ਕਿ ਫ਼ੈਸਲੇ ਤੋਂ ਬਾਅਦ ਅਨੁਸੂਚਿਤ ਜਾਤਾਂ ਅਤੇ ਕਬੀਲਿਆਂ ਦੇ ਮੁੱਦਿਆਂ ’ਤੇ ਕੋਈ ਅਸਰ ਨਹੀਂ ਪੈਣਾ ਚਾਹੀਦਾ। ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਸੁਖੇਂਦੂ ਸ਼ੇਖਰ ਰਾਇ ਨੇ ਕਿਹਾ ਕਿ ਧਰਮ ਜਾਂ ਜਾਤ-ਪਾਤ ਨੂੰ ਸਿਆਸਤ ਦਾ ਵਿਸ਼ਾ ਨਹੀਂ ਬਣਾਇਆ ਜਾਣਾ ਚਾਹੀਦਾ।

## ਤੁਰਕੀ ਹਮਲਾ: ਆਈ ਐਸ ਨੇ ਲਈ ਕਤਲੇਆਮ ਦੀ ਜ਼ਿੰਮੇਵਾਰੀ

**ਇਸਤਾਂਬੁਲ-** ਇਥੇ ਇਕ ਨਾਈਟ ਕਲੱਬ ਵਿੱਚ 31 ਦਸੰਬਰ ਦੀ ਰਾਤ ਨੂੰ ਨਵੇਂ ਸਾਲ ਦੀ ਪਾਰਟੀ ਮੌਕੇ ਹੋਏ ਭਿਆਨਕ ਦਹਿਸ਼ਤੀ ਹਮਲੇ ਦੀ ਜ਼ਿੰਮੇਵਾਰੀ ਇਸਲਾਮੀ ਸਟੇਟ ਨੇ ਲਈ ਹੈ। ਹਮਲੇ ਵਿੱਚ 39 ਜਾਨਾਂ ਜਾਂਦੀਆਂ ਰਹੀਆਂ ਸਨ। ਤੁਰਕੀ ਦੀ ਦਹਿਸ਼ਤਗਰਦੀ-ਰੋਕੂ ਪੁਲੀਸ ਨੇ ਇਸ ਸਬੰਧੀ ਅੱਜ ਅੱਠ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਹਮਲੇ ਵਿੱਚ ਮਾਰੇ ਗਏ ਕਰੀਬ ਦੋ ਦਰਜਨ ਲੋਕਾਂ ਦੀਆਂ ਲਾਸ਼ਾਂ ਲੈਣ ਲਈ ਵੀ ਹਾਲੇ ਤੱਕ ਉਨ੍ਹਾਂ ਦੇ ਵਾਰਸ ਨਹੀਂ ਪੁੱਜੇ, ਜਿਨ੍ਹਾਂ ਵਿੱਚ ਬਹੁਤੇ ਗ਼ੈਰ ਤੁਰਕ ਅਰਬ ਵਾਸ਼ਿੰਦੇ ਹਨ। ਇਹ ਕਤਲੇਆਮ ਨਵਾਂ ਸਾਲ ਚੜ੍ਹਨ ਤੋਂ ਕਰੀਬ 75 ਮਿੰਟ ਪਹਿਲਾਂ ਵਾਪਰਿਆ, ਜਿਸ ਨਾਲ ਸਾਲ 2016 ਦੌਰਾਨ ਮੁਲਕ ਵਿੱਚ ਹੋਏ ਖ਼ਤਰਨਾਕ ਅਤਿਵਾਦੀ ਹਮਲਿਆਂ ਵਿੱਚ ਹੋਰ ਵਾਧਾ ਹੋ ਗਿਆ। ਸਾਲ ਦੌਰਾਨ ਮੁਲਕ ਵਿੱਚ ਆਈਐਸ ਤੇ ਕੁਰਦ ਅਤਿਵਾਦੀਆਂ ਵੱਲੋਂ ਕੀਤੇ ਗਏ ਹਮਲਿਆਂ ਵਿੱਚ ਸੈਂਕੜੇ ਜਾਨਾਂ ਜਾਂਦੀਆਂ ਰਹੀਆਂ ਹਨ।

ਆਈਐਸ ਨੇ ਸੋਸ਼ਲ ਮੀਡੀਆ ਉਤੇ ਨਸ਼ਰ ਇਕ ਬਿਆਨ ਵਿੱਚ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ’ਖ਼ਿਲਾਫ਼ਤ ਦੇ ਇਕ ਸਿਪਾਹੀ’ ਨੇ ਰੀਏਨਾ ਨਾਈਟ ਕਲੱਬ ਵਿੱਚ ਇਹ ਹਮਲਾ ਕੀਤਾ। ਇਸ ਨੂੰ ਤੁਰਕੀ ਵੱਲੋਂ ਸੀਰੀਆ ਤੇ ਇਰਾਕ ਵਿੱਚ ਆਈਐਸ ਖ਼ਿਲਾਫ਼ ਆਪਣੀਆਂ ਫ਼ੌਜਾਂ ਭੇਜੇ ਜਾਣ ਦਾ ਬਦਲਾ ਕਰਾਰ ਦਿੱਤਾ ਗਿਆ ਹੈ।

ਤੁਰਕੀ ਦੀ ਦਹਿਸ਼ਤਗਰਦੀ-ਰੋਕੂ ਪੁਲੀਸ ਨੇ ਹਮਲੇ ਸਬੰਧੀ ਅੱਠ ਮਸ਼ਕੂਕਾਂ ਨੂੰ ਫੜਿਆ ਹੈ, ਪਰ ਸ਼ੱਕੀ ਹਮਲਾਵਰ ਹਾਲੇ ਗ੍ਰਿਫ਼ਤ ਤੋਂ ਬਾਹਰ ਹੈ। ਮੁਲਕ ਦੇ ਗ੍ਰਹਿ ਮੰਤਰੀ ਸੁਲੇਮਾਨ ਸੋਯਲੂ ਨੇ ਕਿਹਾ ਕਿ ਜਦੋਂ ਤੱਕ ਹਮਲਾਵਰ ਨੂੰ ਫੜਿਆ ਨਹੀਂ ਜਾਂਦਾ, ਉਸ ਵੱਲੋਂ ਹੋਰ ਕਿਤੇ ਵੀ ਅਜਿਹਾ ਕਾਰਾ ਕੀਤਾ ਜਾ ਸਕਦਾ ਹੈ।

## ਪ੍ਰਵਾਸੀ ਹੁਣ 30 ਜੂਨ ਤੱਕ ਬਦਲਵਾ ਸਕਣਗੇ ਬੰਦ ਨੋਟ

ਮੁੰਬਈ- ਭਾਰਤੀ ਰਿਜ਼ਰਵ ਬੈਂਕ ਨੇ ਅੱਜ ਦੇ ਰਾਤ ਨੋਟਬੰਦੀ ਬਾਰੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਜਿਹੜੇ ਭਾਰਤੀ ਨਾਗਰਿਕ 9 ਨਵੰਬਰ ਤੋਂ 30 ਦਸੰਬਰ ਤੱਕ ਵਿਦੇਸ਼ ਵਿੱਚ ਸਨ ਉਹ ਪੰਜ ਸੌ ਤੇ ਹਜ਼ਾਰ ਦੇ ਨੋਟ 31 ਮਾਰਚ ਤੱਕ ਬਦਲਵਾ ਸਕਦੇ ਹਨ ਜਦ ਕਿ ਐਨਆਰਆਈ ਜੋ ਇਸ ਸਮੇਂ ਦੌਰਾਨ ਵਿਦੇਸ਼ ਵਿੱਚ ਸਨ ਉਹ ਇਹ ਨੋਟ 30 ਜੂਨ ਤੱਕ ਬਦਲਵਾ ਸਕਣਗੇ।

ਇਸ ਹੁਕਮ ਤਹਿਤ ਆਉਂਦੇ ਭਾਰਤੀ ਨਾਗਰਿਕ ਜਿੰਨੀ ਮਰਜ਼ੀ ਰਾਸ਼ੀ ਬਦਲਵਾ ਕਰਵਾ ਸਕਦੇ ਹਨ ਜਦ ਕਿ ਪ੍ਰਤੀ ਐਨਆਰਆਈ 25 ਹਜ਼ਾਰ ਰੁਪਏ ਹੀ ਜਮ੍ਹਾਂ ਕਰਵਾ ਸਕਣਗੇ।

## ਨੋਟਬੰਦੀ : ਭਾਰਤੀ ਅਰਥਵਿਵਸਥਾ ਨੂੰ ਵੱਡਾ ਨੁਕਸਾਨ ਹੋਣ ਦਾ ਖਦਸ਼ਾ

**ਨਵੀਂ ਦਿੱਲੀ –** ਨਾਮੀ ਅਮਰੀਕੀ ਬਿਜ਼ਨਸ ਮੈਗਜ਼ੀਨ ਨੇ ਦਾਅਵਾ ਕੀਤਾ ਹੈ ਕਿ ਨਰੇਂਦਰ ਮੋਦੀ ਸਰਕਾਰ ਦੇ ਨੋਟਬੰਦੀ ਵਾਲੇ ਫੈਸਲੇ ਨਾਲ ਦੇਸ਼ ਨੂੰ ਭਾਰੀ ਨੁਕਸਾਨ ਹੋ ਸਕਦਾ ਹੈ। ਫੋਰਬਜ਼ ਮੈਗਜ਼ੀਨ ਵਿਚ ਛਪੇ ਲੇਖ ਵਿਚ ਕਿਹਾ ਗਿਆ ਹੈ ਕਿ ਮੋਦੀ ਸਰਕਾਰ ਦੇ ਇਸ ਫੈਸਲੇ ਨਾਲ ਭਾਰਤ ਦੇ ਪਹਿਲਾਂ ਤੋਂ ਹੀ ਗਰੀਬ ਲੱਖਾਂ ਲੋਕਾਂ ਦੀ ਹਾਲਤ ਹੋਰ ਖਰਾਬ ਹੋ ਸਕਦੀ ਹੈ। ਫੋਰਬਜ਼ ਮੈਗਜ਼ੀਨ ਦੇ ਚੇਅਰਮੈਨ ਅਤੇ ਐਡੀਟਰ-ਇਨ-ਚੀਫ ਸਟੀਵ ਫੋਰਬਜ਼ ਨੇ ਲਿਖਿਆ ਹੈ ਕਿ ਦੇਸ਼ ਦੀ ਜ਼ਿਆਦਾਤਰ ਨਕਦੀ ਨੂੰ ਬੰਦ ਕਰ ਦਿੱਤਾ ਗਿਆ ਹੈ।

ਹੈਰਾਨ ਨਾਗਰਿਕਾਂ ਨੂੰ ਨੋਟ ਬਦਲਣ ਲਈ ਕੁਝ ਹੀ ਹਫਤਿਆਂ ਦਾ ਸਮਾਂ ਦਿੱਤਾ ਗਿਆ। ਉਨ੍ਹਾਂ ਨੇ ਨੋਟਬੰਦੀ ਦੀ ਤੁਲਨਾ 1970 ਦੇ ਦਹਾਕੇ ਵਿਚ ਲਾਗੂ ਕੀਤੀ ਗਈ ਨਸਬੰਦੀ ਨਾਲ ਕੀਤੀ ਹੈ। ਆਰਥਿਕ ਉਥਲ-ਪੁਥਲ ਨੂੰ ਇਸ ਗੱਲੋਂ ਵੀ ਹੁਲਾਰਾ ਮਿਲਿਆ ਕਿ ਸਰਕਾਰ ਲੋੜੀਂਦੀ ਮਾਤਰਾ ਵਿਚ ਨਵੇਂ ਨੋਟ ਨਹੀਂ ਛਾਪ ਸਕੀ। ਨਵੇਂ ਨੋਟਾਂ ਦਾ ਅਕਾਰ ਵੀ ਪੁਰਾਣੇ ਨੋਟਾਂ ਤੋਂ ਵੱਖਰਾ ਹੈ, ਜਿਸ ਕਾਰਨ ਏਟੀਐਮ ਲਈ ਵੱਡੀ ਦਿੱਕਤ ਖੜ੍ਹੀ ਹੋ ਗਈ।

ਲੇਖ ਵਿਚ ਕਿਹਾ ਗਿਆ ਕਿ ਭਾਰਤ ਹਾਈ-ਟੈਕ ਪਾਵਰ ਹਾਊਸ ਹੈ, ਪਰ ਦੇਸ਼ ਦੇ ਲੱਖਾਂ ਲੋਕ ਅਜੇ ਵੀ ਅਤਿ ਦੀ ਗਰੀਬੀ ਨਾਲ ਜੂਝ ਰਹੇ ਹਨ। ਨੋਟਬੰਦੀ ਦੇ ਫ਼ੈਸਲੇ ਕਾਰਨ ਭਾਰਤੀ ਸ਼ਹਿਰਾਂ ਵਿਚ ਕੰਮ ਕਰਨ ਵਾਲੇ ਕਾਮੇ ਆਪਣੇ ਪਿੰਡਾਂ ਨੂੰ ਮੁੜ ਗਏ ਹਨ, ਕਿਉਂਕਿ ਬਹੁਤ ਸਾਰੇ ਕਾਰੋਬਾਰ ਬੰਦ ਹੋ ਰਹੇ ਹਨ।

ਦੇਸ਼ ਦੁਆਬਾ

# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਇਸ ਵਕਤ ਸਾਰਾ ਸੰਸਾਰ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ ਅਤੇ ਉਹਨਾਂ ਨੇ ਜ਼ੁਲਮੋ-ਸਿਤਮ ਦੇ ਖਿਲਾਫ ਜੋ ਕੁਰਬਾਨੀਆਂ ਦਿੱਤੀਆਂ, ਉਹ ਦੁਨੀਆਂ ਦੇ ਇਤਿਹਾਸ ਵਿਚ ਲਾਸਾਨੀ ਹਨ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸਿਰਫ ਅਧਿਆਤਮਕ ਗੁਰੂ ਹੀ ਨਹੀਂ ਬਲਕਿ ਦੁਨੀਆਂ ਦੇ ਇਤਿਹਾਸ ਦੇ ਮਹਾਨ ਜਰਨੈਲ ਵੀ ਸਨ, ਜਿਹਨਾਂ ਨੇ ਜ਼ੁਲਮਾਂ ਦੀ ਲਿਤਾੜੀ ਇਕ ਦੱਬੀ-ਕੁਚਲੀ ਕੌਮ ਨੂੰ ਉਸ ਜ਼ਾਲਮ ਹਕੂਮਤ ਦੇ ਖਿਲਾਫ ਲੜਨ ਲਈ ਤਿਆਰ ਕੀਤਾ, ਜਿਹੜੀਆਂ ਕਈ ਸਦੀਆਂ ਤੋਂ ਹਿੰਦੁਸਤਾਨ ਦਾ ਖ਼ੂਨ ਪੀ ਰਹੀ ਸੀ। ਦਸਮ ਪਾਤਸ਼ਾਹ ਨੇ ਚਿੜੀਆਂ ਤੋਂ ਬਾਜ ਤੁੜਾਉਣ ਦੀ ਤੁਕ ਨੂੰ ਸਹੀ ਸਾਬਤ ਕਰ ਦਿਖਾਇਆ। ਉਹਨਾਂ ਦੀ ਮਹਾਨ ਕੁਰਬਾਨੀ ਅਤੇ ਲਾਸਾਨੀ ਬੀਰਤਾ ਨੇ ਭਾਰਤ ਦਾ ਨਕਸ਼ਾ ਬਦਲ ਦਿੱਤਾ। ਸਦੀਆਂ ਤੋਂ ਦੱਬੇ-ਕੁਚਲੇ ਲਤਾੜੇ ਲੋਕਾਂ ਨੂੰ ਇੱਕਮੁੱਠ ਕਰਕੇ ਉਹਨਾਂ ਨੇ ਅਜਿਹੀ ਤਾਕਤਵਰ ਕੌਮ ਖੜ੍ਹੀ ਕੀਤੀ, ਜਿਸ ਨੇ ਭਵਿੱਖ ਵਿਚ ਜਾ ਕੇ ਭਾਰਤ ਦਾ ਹੀ ਨਕਸ਼ਾ ਬਦਲ ਦਿੱਤਾ।

ਗੁਰੂ ਜੀ ਦਾ ਬਚਪਨ ਪਟਨਾ ਵਿੱਚ ਹੀ ਬੀਤਿਆ। ਗੁਰੂ ਜੀ ਨੇ ਬਚਪਨ ਵਿੱਚ ਸ਼ਸਤਰ ਵਿੱਦਿਆ ਦੇ ਨਾਲ ਨਾਲ ਹਿੰਦੀ, ਫ਼ਾਰਸੀ, ਬ੍ਰਜ, ਉਰਦੂ ਅਤੇ ਗੁਰਮੁਖੀ ਭਾਸ਼ਾਵਾਂ ਵਿੱਚ ਵੀ ਨਿਪੁੰਨਤਾ ਹਾਸਲ ਕੀਤੀ। ਠਸਕੇ ਦੇ ਰਹਿਣ ਵਾਲੇ ਸੱਯਦ ਭੀਖਣ ਸ਼ਾਹ ਨੂੰ ਜਦੋਂ ਗੁਰੂ ਜੀ ਦੇ ਪਟਨਾ ਸਾਹਿਬ ਵਿੱਚ ਪ੍ਰਕਾਸ਼ ਹੋਣ ਦੀ ਖ਼ਬਰ ਮਿਲੀ ਤਾਂ ਉਹ ਆਪਣੇ ਦੋ ਮੁਰੀਦਾਂ ਨੂੰ ਨਾਲ ਲੈ ਕੇ ਪਟਨਾ ਪਹੁੰਚ ਗਿਆ। ਉਸ ਸਮੇਂ ਗੁਰੂ ਜੀ ਨੇ ਭੀਖਣ ਸ਼ਾਹ ਦੁਆਰਾ ਲਿਆਂਦੀਆਂ ਦੋ ਕੁੱਜੀਆਂ ਉਤੇ ਆਪਣੇ ਹੱਥ ਧਰਦਿਆਂ ਇਸ ਗੱਲ ਦਾ ਪ੍ਰਮਾਣ ਦਿੱਤਾ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਗੁਰੂ ਹੋਣਗੇ।

ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਦੂਜੇ ਧਰਮ ਨੂੰ ਬਚਾਉਣ ਲਈ ਦਿੱਲੀ ਵਿੱਚ ਦਿੱਤੀ ਸ਼ਹਾਦਤ ਤੋਂ ਬਾਅਦ ਬਾਲਕ ਗੋਬਿੰਦ ਰਾਏ ਨੇ ਗੁਰਗੱਦੀ ਸੰਭਾਲ ਲਈ। 1699 ਦੀ ਵਿਸਾਖੀ ਦੇ ਸ਼ੁੱਭ ਦਿਹਾੜੇ ਉੱਤੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੀ ਸ਼ਮਸ਼ੀਰ ਨਾਲ ਸਟੇਜ ਉੱਤੇ ਆ ਕੇ ਸਾਰੀ ਆਈ ਸੰਗਤ ਵਿੱਚੋਂ ਪੰਜ ਸਿਰਾਂ ਦੀ ਮੰਗ ਕੀਤੀ। ਜਿਨ੍ਹਾਂ ਨੂੰ ਬਾਅਦ ਵਿੱਚ ਅੰਮ੍ਰਿਤ ਛਕਾ ਕੇ ਸਿੰਘ ਥਾਪਿਆ ਤੇ ਪੰਜ ਪਿਆਰੇ ਹੋਣ ਦਾ ਵਰ ਬਖ਼ਸ਼ਿਆ। ਵੱਖਰੀਆਂ ਜਾਤਾਂ ਵਾਲੇ ਪੰਜ ਸਿੰਘਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਸਮਾਜ ਵਿੱਚ ਚਿਰਾਂ ਤੋਂ ਚੱਲੀ ਆ ਰਹੀ ਜਾਤ ਪਾਤ ਦੀ ਕੁਪ੍ਰਥਾ ਨੂੰ ਖ਼ਤਮ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਸਿਰਫ ਇਕ ਮਹਾਨ ਜਰਨੈਲ ਹੀ ਨਹੀਂ ਬਲਕਿ ਮਹਾਨ ਸਮਾਜ ਸੁਧਾਰਕ, ਮਹਾਨ ਕਵੀ ਅਤੇ ਮਹਾਨ ਸਾਹਿਤਕਾਰ ਵੀ ਸਨ। ਉਹਨਾਂ ਨੇ ਆਪਣੇ ਸਮੇਂ ਦਰਮਿਆਨ ਸਾਹਿਤ ਦੇ ਵਿਕਾਸ ਅਤੇ ਵਿਸਥਾਰ ਲਈ ਅਣਥੱਕ ਯਤਨ ਕੀਤੇ। ਅਮੀਰ-ਗਰੀਬ ਅਤੇ ਜਾਤ-ਪਾਤ ਦੇ ਪਾੜੇ ਨੂੰ ਦੂਰ ਕਰਕੇ ਹਰ ਇਨਸਾਨ ਨੂੰ 'ਖਾਲਸਾਈ ਬਾਣਾ' ਦਿੱਤਾ, ਜਿਸ ਵਿਚ ਕਿਸੇ ਵੀ ਕਿਸਮ ਦੇ ਊਚ-ਨੀਚ ਲਈ ਕੋਈ ਥਾਂ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਸਾਨੀ ਕੁਰਬਾਨੀਆਂ, ਉਹਨਾਂ ਦੇ ਸਿਦਕ ਨੂੰ ਨਤਮਸਤਕ ਹੁੰਦਿਆਂ ਉਹਨਾਂ ਦੇ ਪਾਵਨ 350ਵੇਂ ਪ੍ਰਕਾਸ਼ ਦਿਹਾੜੇ 'ਤੇ ਅਦਾਰਾ 'ਦੇਸ਼ ਦੁਆਬਾ' ਉਹਨਾਂ ਨੂੰ ਕੋਟਿ ਕੋਟਿ ਪ੍ਰਣਾਮ ਕਰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-16

## ਮੰਨਣ ਦੀ ਮਹਾਨਤਾ ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

ਮੰਨਨ ਸੰਸਕ੍ਰਿਤ ਦਾ ਕਿਰਿਆਵਾਚੀ ਸ਼ਬਦ ਤੇ ਅਰਥ-ਚਿੰਤਨ, ਮੰਨਣਾ ਕਿਰਿਆ ਤੇ ਅਰਥ-ਮੰਨਣ ਕਰਨਾ, ਵਿਚਾਰਨਾ, ਅੰਗੀਕਾਰ ਕਰਨਾ, ਮਨਜ਼ੂਰ ਕਰਨਾ ਅਤੇ ਮੰਨ ਲੈਣਾ ਹਨ। ਕ੍ਰਮਵਾਰ ਪੜ੍ਹਨਾ, ਬੋਲਣਾ, ਸੁਣਨਾ, ਮੰਨਣਾ ਅਤੇ ਅਮਲ ਕਰਨਾ ਪੰਜ ਪੜਾ ਹਨ। ਪਹਿਲੇ ਆਪਾਂ ਵਿਦਿਆ, ਵਕਤਾ, ਪੜ੍ਹਨ ਅਤੇ ਸੁਣਨ ਬਾਰੇ ਵਿਚਾਰ ਕਰ ਚੁੱਕੇ ਹਾਂ। ਅੱਜ ਮੰਨਨ ਬਾਰੇ ਵਿਚਾਰਾਂਗੇ। ਮੰਨਣ ਦਾ ਮਤਲਵ ਆਗਿਆਕਾਰੀ ਹੋਣਾ ਹੈ। ਜੋ ਸਿਖਿਆ, ਪੜ੍ਹਿਆ ਜਾਂ ਸੁਣਿਆਂ ਉਸ ਨੂੰ ਮਨ ਕਰਕੇ ਮੰਨ ਲੈਣਾ ਅਤੇ ਉਸ ਤੇ ਵਿਚਾਰ ਦੇ ਨਾਲ ਅਮਲ ਕਰਕੇ, ਨਿਤਾਪ੍ਰਤੀ ਜੀਵਨ ਵਿੱਚ ਢਾਲਣਾ। ਵੇਖੋ! ਸਕੂਲ ਦਾ ਵਿਦਿਆਰਥੀ ਜੋ ਅਧਿਆਪਕ ਤੋਂ ਪੜ੍ਹਦਾ, ਉਸ ਦੇ ਬੋਲਾਂ ਨੂੰ ਸੁਣ, ਮੰਨ ਕੇ ਅਮਲ ਕਰਦਾ, ਉਹ ਚੰਗੇ ਨੰਬਰਾਂ ਵਿੱਚ ਪਾਸ ਹੋ ਜਾਂਦਾ ਹੈ। ਇਵੇਂ ਹੀ ਜੋ ਸਿੱਖ ਸਿਖਿਆਰਥੀ ਹੋ ਕੇ, ਸਤਿਗੁਰੂ ਦਾ ਕਹਿਆ ਸੁਣਦਾ, ਮੰਨਦਾ ਅਤੇ ਉਸ ਤੇ ਅਮਲ ਕਰਦਾ ਹੈ, ਉਸ ਦਾ ਜੀਵਨ ਬਦਲ ਜਾਂਦਾ ਹੈ।

ਮੰਨਣ ਬਾਰੇ ਗੁਰਬਾਣੀ ਵਿਚਾਰ-ਮੰਨਣ ਵਾਲੇ ਮਨੁੱਖ ਦੀ ਆਤਮ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ ਜੇ ਕੋਈ ਆਪਣੀ ਅਲਪ ਬੁੱਧੀ ਨਾਲ ਕਰੇ ਭੀ ਤਾਂ ਪਿਛੋਂ ਪਛਤਾਂਦਾ ਹੈ ਕਿ ਮੈ ਹੋਛਾ ਯਤਨ ਕੀਤਾ ਹੈ-ਮੰਨੇ ਕੀ ਗਤਿ ਕਹੀ ਨ ਜਾਇ॥ ਜੇਕੋ ਕਹੈ ਪਿਛੈ ਪਛੁਤਾਇ॥੧੨॥ (ਜਪੁਜੀ) ਸਤਿਗੁਰੂ ਦਾ ਬਚਨ ਕੀਮਤੀ ਰਤਨ ਹੈ ਜੋ ਮੰਨਦਾ ਹੈ ਅਨੰਦ ਰਸ ਮਾਣਦਾ ਹੈ-ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ॥ (੬੯) ਮੰਨਣ ਵਾਲੇ ਦੀ ਸੁਰਤਿ ਮਨ ਬੁੱਧੀ ਕਰਕੇ ਉੱਚੀ ਹੁੰਦੀ ਅਤੇ ਉਹ ਸਮੁੱਚੀ ਦੁਨੀਆਂ ਬਾਰੇ ਜਾਣ ਜਾਂਦਾ ਹੈ-ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਨ ਕੀ ਸੁਧਿ॥੧੩॥(ਜਪੁਜੀ) ਸਭ ਤੋਂ ਉੱਤਮ ਇਹ ਹੀ ਅਕਲ ਦੀ ਗੱਲ ਹੈ ਕਿ ਸੱਚੇ ਗੁਰੂ ਦੇ ਬਚਨ (ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ) ਕਮਾਏ (ਮੰਨੇ) ਜਾਣ ਭਾਵ ਗੁਰ ਉਪਦੇਸ਼ਾਂ ਅਨੁਸਾਰ ਜੀਵਨ ਦੀ ਘਾੜਤ ਘੜੀ ਜਾਏ-ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥(੬੯) ਭਾਈ ਗੁਰਦਾਸ ਜੀ ਵੀ ਦਰਸਾਂਦੇ ਹਨ ਕਿ ਗੁਰਸਿੱਖੀ ਵਿਖੇ ਮੰਨਣ ਦਾ ਮਤਲਵ ਗੁਰ ਬਚਨਾਂ ਦਾ ਹਾਰ ਗਲ ਪਾ ਲੈਣਾ ਭਾਵ ਗੁਰੂ ਦੇ ਬਚਨਾਂ ਨੂੰ ਹਿਰਦੇ ਰੂਪੀ ਧਾਗੇ ਵਿੱਚ ਪਰੋ ਲੈਣਾ-ਗੁਰਸਿੱਖੀ ਦਾ ਮੰਨਣਾ ਗੁਰ ਬਚਨੀ ਗਲਿ ਹਾਰੁ ਪਰੋਵੈ।(ਵਾਰ ੨੮)

ਜਿਵੇਂ ਅਸੀਂ ਮਾਂ ਬਾਪ ਦੀ ਆਗਿਆ ਮੰਨ ਘਰ ਪ੍ਰਵਾਰ ਵਿੱਚ ਸੁਖ ਅਤੇ ਅਧਿਆਪਕ (ਉਸਤਾਦ) ਦਾ ਕਹਿਆ ਮੰਨ ਗਿਆਨ ਵਿਗਿਆਨ ਖੇਤਰ ਦਾ ਸੁਖ ਮਾਣਦੇ ਹਾਂ ਇਵੇਂ ਹੀ ਗੁਰਮਤਿ ਵਿੱਚ ਜੋ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਰੂਪ ਹੁਕਮਾਂ ਨੂੰ ਮੰਨਦੇ ਹਨ ਉਹ ਵਹਿਮਾਂ ਭਰਮਾਂ ਅਤੇ ਥੋਥੇ ਕਰਮਕਾਂਡਾਂ ਦੇ ਭਰਮ ਜਾਲ ਰੂਪ ਦੁੱਖ ਤੋਂ ਮੁਕਤ ਹੋ ਬੇਕੀਮਤਾ ਮਨੁੱਖਾ ਜਨਮ ਸਫਲਾ ਕਰ ਲੈਂਦੇ ਹਨ। ਪ੍ਰਮਾਤਮਾਂ ਦੇ ਦਰ ਤੇ ਵੀ ਹੁਕਮ ਮੰਨਣ ਵਾਲਾ ਹੀ ਪ੍ਰਵਾਨ ਹੁੰਦਾ ਅਤੇ ਮਾਲਕ ਦਾ ਘਰ ਲੱਭ ਲੈਂਦਾ ਹੈ-ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥(471) ਅਜੋਕੇ ਬਹੁਤੇ ਸਿੱਖਾਂ ਦੀ ਤਰਾਸਦੀ ਹੈ ਕਿ ਉਹ ਸੱਚੇ ਸ਼ਬਦ ਗੁਰੂ ਨੂੰ ਛੱਡ ਕੇ, ਕੱਚੇ ਦੇਹਧਾਰੀ ਪਾਖੰਡੀ ਗੁਰੂ ਨੁਮਾ ਸਾਧਾਂ-ਸੰਤਾਂ, ਡੇਰੇਦਾਰਾਂ, ਸੰਪ੍ਰਦਾਈ ਸੰਤਾਂ-ਮਹੰਤਾਂ ਅਤੇ ਅਖੌਤੀ ਪਾਰਟੀਬਾਜ ਜਥੇਦਾਰਾਂ ਦਾ ਹੁਕਮ, ਅੰਨੀ ਸ਼ਰਧਾ ਨਾਲ ਮੰਨਣ ਲੱਗ ਪਏ ਹਨ।

ਇਸ ਕਰਕੇ ਸਿੱਖੀ ਵਿੱਚ ਆਪਸੀ ਫੁੱਟ ਤੇ ਨਿਘਾਰਤਾ ਫੈਲ ਚੁੱਕੀ ਹੈ। ਗੁਰਸਿੱਖ ਨੇ ਹੁਕਮ ਗੁਰੂ ਦਾ ਮੰਨਣਾ ਹੈ ਤੇ ਗੁਰੂ ਸਾਡਾ "ਗੁਰੂ ਗ੍ਰੰਥ ਸਾਹਿਬ" ਹੈ ਨਾ ਕਿ ਵੱਖ ਵੱਖ ਰਹਿਤਨਾਮੇ, ਮਰਯਾਦਾਵਾਂ ਅਤੇ ਜਥੇਦਾਰ ਜੋ ਗੁਰੂ ਸਾਹਿਬ ਦੇ ਸ਼ਰੀਕ ਬਣਾਏ ਜਾ ਰਹੇ ਹਨ।

ਸੋ ਸੱਚੇ ਗੁਰੂ ਦਾ ਹੁਕਮ ਮੰਨਣ ਵਿੱਚ ਸੁੱਖ ਅਤੇ ਦੇਹਧਾਰੀ ਪਾਖੰਡੀਆਂ ਦਾ ਮੰਨਣ ਵਿੱਚ ਅਨੇਕਾਂ ਦੁੱਖ ਕਲੇਸ਼ ਹਨ। ਗੁਰੂ ਦਾ ਹੁਕਮ ਮੰਨਣ ਵਾਲਾ ਸਮੁੱਚੇ ਸੰਸਾਰ ਦਾ ਪਿਤਾ ਪ੍ਰਮਾਤਮਾਂ ਨੂੰ ਮੰਨ ਕੇ, ਜਾਤ-ਪਾਤ ਅਤੇ ਛੂਆ-ਛਾਤ ਦੇ ਬੰਧਨਾਂ ਤੋਂ ਮੁਕਤ ਹੋ, ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਸਮਝਣ ਲੱਗ ਜਾਂਦਾ ਹੈ। ਉਹ ਸੁਖ-ਦੁਖ, ਖੁਸ਼ੀ-ਗਮੀ ਹਰ ਵੇਲੇ ਰੱਬ ਦਾ ਭਾਣਾ ਸਹਿਜ ਅਡੋਲਤਾ ਨਾਲ ਮੰਨ ਕੇ, ਜਿੰਦਗੀ ਖਿੜੇ ਮੱਥੇ, ਹੱਸਦਾ ਵੱਸਦਾ, ਚੜ੍ਹਦੀਆਂ ਕਲਾਂ ਵਿੱਚ ਬਤੀਤ ਕਰ, ਆਖਰ ਆਪਣੇ ਅਸਲੇ ਪ੍ਰਮਾਤਮਾਂ ਰੂਪ ਸਮੁੰਦਰ ਵਿੱਚ ਸਮਾ ਜਾਂਦਾ ਹੈ। ਇਹ ਹੈ ਮੰਨਣ ਦੀ ਮਹਾਨਤਾ ਜੋ ਸੰਖੇਪ ਵਿੱਚ ਲਿਖ ਕੇ ਦਰਸਾਉਣ ਦਾ ਯਤਨ ਕੀਤਾ ਹੈ।

(ਚਲਦਾ)

# ਸੰਗੀਤਕ ਵਿਰਸਾ ਸਾਂਭਣ ਵਾਲਾ 'ਸੋਹਣ ਸਿੰਘ ਆਤਲੀਆਂ'



ਤਸਵਿੰਦਰ ਸਿੰਘ ਬੜੈਚ
91-98763-22677

ਸਮੇਂ ਦੀ ਤਬਦੀਲੀ ਨੇ ਤੇ ਆਧੁਨਿਕ ਤਰੀਕੇ ਦੇ ਮਸੀਨਰੀ ਯੁੱਗ ਨੇ ਵਿਰਾਸਤੀ ਚੀਜਾਂ ਅਲੋਪ ਕਰ ਦਿਤੀਆਂ ਹਨ,ਪਰ ਕਈ ਉੱਦਮੀ ਲੋਕ ਅੱਜ ਵੀ ਅਜਿਹੀਆਂ ਵਿਰਾਸਤੀ ਚੀਜਾਂ ਸਾਂਭਣ ਦੇ ਸੌਕੀਨ ਹਨ। ਅਜਿਹੇ ਹੀ ਸੌਕੀਨ ਲੋਕਾਂ ਵਿਚੋਂ ਇਕ ਹੈ ਸਬ ਡਵੀਜਨ ਤਲਵੰਡੀ ਸਾਬੋ ਦੇ ਪਿੰਡ ਲਾਲੇਆਣਾ ਦਾ ਸੋਹਣ ਸਿੰਘ ਆਤਲੀਆ। ਜਿਸ ਨੇ ਗੀਤ ਸੰਗੀਤ ਦੇ ਪੱਥਰ ਦੇ ਤਵੇ, ਗ੍ਰਾਮੋਫੋਨ ਮਸੀਨਾਂ ਅਤੇ ਪਲਾਸਟਿਕ ਦੇ ਰਿਕਾਰਡਾਂ ਦਾ ਵੱਡਾ ਖਜਾਨਾ ਸਾਂਭ ਕੇ ਰੱਖਿਆ ਹੋਇਆ ਹੈ। ਸੋਹਣ ਸਿੰਘ ਕੋਲ ਮਰਦ ਗਾਇਕਾਂ ਵਿਚੋਂ ਅਮਰ ਸਿੰਘ ਸੌਕੀ ਦੇ ਗੀਤ,'ਭਿੱਜ ਗਈਆਂ ਨਨਾਣੇ ਪੂਣੀਆਂ, 'ਸਾਹਿਬਾਂ



ਵਾਜਾਂ ਮਾਰਦੀ।' ਸਵ ਲਾਲ ਚੰਦ ਯਮਲਾ ਜੱਟ ਦਾ,'ਮੰਗ ਸੀ ਮੈਂ ਤੇਰੀ ਹਾਣੀਆਂ।' ਕਰਮਜੀਤ ਧੂਰੀ ਦਾ,'ਕੱਸੀ ਤੇ ਵਜਾਵੇ ਵੰਝਲੀ।' ਰੰਗੀਲਾ ਜੱਟ ਦਾ,' ਭਾਂਡੇ ਕਲੀ ਕਰਾਲੋ।' ਮੁਹੰਮਦ ਰਫੀ ਦਾ,' ਮੁੰਡੇ ਮਰਗੇ ਕਮ-ਾਈਆਂ ਕਰਦੇ।' ਆਲਮ ਲੁਹਾਰ ਦਾ,' ਦੁੱਲਾ ਭੱਟੀ।' ਹਰਚਰਨ ਗਰੇਵਾਲ ਦਾ,' ਇਕ ਸੋਨੇ ਦੀ ਛਾਪ ਘੜਾਦੇ।' ਆਸਾ ਸਿੰਘ ਮਸਤਾਨਾ ਦਾ,' ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ।' ਚਾਂਦੀ ਰਾਮ ਦਾ,' ਰੰਗ ਚੋਅ ਕੇ ਪਰਾਂਤ ਵਿਚ ਪੈ ਗਿਆ।' ਗੁਰਪਾਲ ਸਿੰਘ ਪਾਲ ਦਾ,'ਪਾਲੀ ਪਾਣੀ ਖੂਹ ਤੋਂ ਭਰੇ।' ਨਰੰਜਨ ਸਿੰਘ ਐਂਡ ਪਾਰਟੀ ਦਾ,' ਨੀਵੇਂ ਨੀਵੇਂ ਝੋਪੜੇ।' ਸਾਦੀ ਰਾਮ ਬਖਸੀ ਦੇ,' ਚੰਦਰਾ ਗੁਆਂਢ ਨਾ ਹੋਵੇ','ਨਿੱਤ ਨਿੱਤ ਨਹੀਂ ਭਾਣਜੇ ਵਿਆਹੁਣੇ।' ਹਰਨੇਕ ਸਿੰਘ ਨੇਕ ਦੇ,' ਚੋਰੀ ਆ ਜਾ ਕੰਧ ਟੱਪ ਕੇ','ਨਾਲਾ ਟੰਗ ਲੈ ਘੁੰਗਰੂਆਂ ਵਾਲਾ।'

ਨਰਿੰਦਰ ਚੰਚਲ ਦਾ,' ਲੱਗੀ ਵਾਲੇ ਕਦੇ ਨਾ ਸੌਂਦੇ।' ਮੁਹੰਮਦ ਸਦੀਕ ਦਾ,'ਤੇਲੂ ਰਾਮ ਦੀ ਹੱਟੀ ਦਾ ਜਰਦਾ।' ਕਲੀਆਂ ਦੇ ਬਾਦਸਾਹ ਕੁਲਦੀਪ ਮਾਣਕ, ਕੇ ਦੀਪ, ਗੁਰਚਰਨ ਪੋਹਲੀ, ਦੀਦਾਰ ਸੰਧੂ, ਗੁਰਦਾਸ ਮਾਨ, ਅਮਰ ਸਿੰਘ ਚਮਕੀਲਾ, ਚਾਂਦੀ ਰਾਮ, ਸੋਹਣ ਸਿੰਘ ਖੁਸਦਿਲ, ਫਜਲ ਟੁੰਡਾ, ਰਾਜਿੰਦਰ ਰਾਜਨ,ਬਾਵਾ ਸਿੰਘ, ਸਰੂਪ ਸਿੰਘ ਸਰੂਪ, ਸੁਰਿੰਦਰ ਛਿੰਦਾ, ਕੁੰਦਨ ਲਾਲ ਸਹਿਗਲ, ਮੁਕੇਸ, ਰੂਪਦਮਨ ਸੈਲੀ, ਸਾਦੀ ਰਾਮ ਬਖਸੀ, ਗੁਰਮੇਲ ਸਿੰਘ ਕਾਉਣੀ, ਏ ਐੱਸ ਕੰਗ, ਸੀਤਲ ਸਿੰਘ ਸੀਤਲ, ਜਗਤ ਸਿੰਘ ਜੱਗਾ, ਦੀਦਾਰ ਸਿੰਘ ਰਟੈਂਡਾ, ਪਾਲ ਸਿੰਘ ਪੰਛੀ, ਗੁਲਾਮ ਅਲੀ, ਜਗਜੀਤ ਸਿੰਘ, ਰਮੇਸ ਰੰਗੀਲਾ, ਹਜਾਰਾ ਸਿੰਘ ਰਮਤਾ, ਸਾਬਰ ਰਾਏਕੋਟੀ ਅਤੇ ਔਰਤ ਗਾਇਕਾਵਾਂ ਵਿਚੋਂ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਾ ਗੀਤ,'ਜੁੱਤੀ ਕਸੂਰੀ।' ਆਸਾ ਭੌਸਲੇ ਦਾ,'ਮਿੱਤਰ ਪਿਆਰੇ ਨੂੰ।' ਸਵ ਨਰਿੰਦਰ ਬੀਬਾ ਦੇ,'ਮਰਗਾਈ ਵਾਗੂੰ ਮੈਂ ਤਰਦੀ','ਮਾਝੇ ਦੀ ਮੈਂ ਜੱਟੀ।' ਪ੍ਰਕਾਸ ਕੌਰ ਦੇ,'ਨੀ ਮੈਂ ਕੱਤਾਂ ਪਰੀਤਾਂ



ਨਾਲ','ਗੋਰੀ ਦੀਆਂ ਝਾਂਜਰਾਂ।' ਸਵਰਨ ਲਤਾ, ਗੁਰਮੀਤ ਬਾਵਾ, ਰੇਸਮਾਂ, ਨੂਰ ਜਹਾਂ, ਜੁਬੈਦਾ ਖਾਨ, ਗੁਲਸਨ ਕੋਮਲ, ਅਮਰਜੋਤ, ਸੁਚੇਤ ਬਾਲਾ, ਪਰਮਿੰਦਰ ਸੰਧੂ, ਜਗਮੋਹਣ ਕੌਰ, ਸੀਮਾ, ਅਮਰ ਨੂਰੀ, ਕੁਲਦੀਪ ਕੌਰ, ਰਣਜੀਤ ਕੌਰ, ਸੁਖਵੰਤ ਕੌਰ, ਪ੍ਰੇਮਿਲਾ ਪ੍ਰੇਮੀ, ਪਰਮਜੀਤ ਸੰਧੂ, ਪ੍ਰੀਤੀ ਬਾਲਾ, ਸਨੇਹਲਤਾ ਆਦਿ ਦੇ ਲਗਭਗ 5500 ਰਿਕਾਰਡ ਸਾਂਭੇ ਹੋਏ ਹਨ। ਇਸ ਤੋਂ ਇਲਾਵਾ ਵੱਖ ਵੱਖ ਪ੍ਰਕਾਰ ਦੀਆਂ ਚਾਬੀ ਨਾਲ ਚੱਲਣ ਵਾਲੀਆਂ 102 ਮਾਡਲ ਮਸੀਨਾਂ, ਫਿਲਿਪਸ ਤੇ ਹੋਰ ਕੰਪਨੀਆਂ ਦੀਆਂ ਇਲੈਕਟ੍ਰਾਨਿਕ ਮਸੀਨਾਂ, ਆਡੀਉ ਕੈਸਿਟਾਂ, ਡੈੱਕ ਅਤੇ ਪੁਰਾਣੀਆਂ ਟੇਪ ਰਿਕਾਰਡਾਂ ਵੀ ਸੋਹਣ ਸਿੰਘ ਨੇ ਆਪਣੇ ਬੱਚਿਆਂ ਵਾਂਗ ਸੰਭਾਲ ਕੇ ਰੱਖੀਆਂ ਹਨ। ਉਸ ਪਾਸ ਅਜਿਹੇ ਕਲਾਕਾਰਾਂ ਦੇ ਤਵੇ ਵੀ ਮੌਜੂਦ ਹਨ, ਜਿਹੜੇ ਖੁਦ ਕਲਾਕਾਰਾਂ ਪਾਸ ਨਹੀਂ ਹੋਣੇ। ਪਿਤਾ ਜੁਗਰਾਜ ਸਿੰਘ ਅਤੇ ਮਾਤਾ ਅਮਰਜੀਤ ਕੌਰ ਦੇ ਲਾਡਲੇ ਸੋਹਣ ਸਿੰਘ ਨੇ ਪੰਜਾਬੀ ਸੰਗੀਤ ਦੇ ਇਸ ਅਨਮੋਲ ਖਜਾਨੇ ਨੂੰ ਇਕੱਠਿਆ ਕਰਨ ਲਈ ਪੰਜਾਬ ਦੇ ਕਈ ਪਿੰਡ ਅਤੇ ਸਹਿਰ ਗਾਹੇ ਹਨ ਤੇ ਪੰਜਾਬ ਤੋ ਬਾਹਰ ਵੀ ਜਾਣਾ ਪਿਆ। ਉਸ ਨੂੰ ਇਨ੍ਹਾਂ ਚੀਜਾਂ ਦੀ ਮੂੰਹ ਮੰਗੀ ਕੀਮਤ ਵੀ ਦੇਣੀ ਪਈ। ਉਹ ਹੁਣ ਵੀ ਇਹ ਚੀਜਾਂ ਲੱਭਣ ਲਈ ਬਹੁਤ ਦੂਰ ਦੇ ਇਲਾਕਿਆਂ ਦਾ ਸਫਰ ਤੈਅ ਕਰ ਜਾਂਦਾ ਹੈ। ਉਸ ਦੇ ਇਸ ਕੰਮ ਵਿੱਚ ਉਸਦਾ ਪੂਰਾ ਪਰਿਵਾਰ ਸਾਥ ਦੇ ਰਿਹਾ ਹੈ। ਉਸ ਨੂੰ ਇਹ ਪੁਰਾਣੇ ਸੰਗੀਤ ਨੂੰ ਸੰਭਾਲਣ ਦਾ ਸੌਕ ਉਸ ਸਮੇਂ ਪਿਆ ਜਦੋਂ ਉਸ ਦੇ ਇੱਕ ਰਿਸਤੇਦਾਰ ਨੇ ਗ੍ਰਾਮੋਫੋਨ ਮਸੀਨ ਅਤੇ ਤਵਿਆਂ ਨੂੰ ਫਾਲਤੂ ਸਮਝ ਕੇ ਸੁੱਟਣਾ ਚਾਹਿਆ ਤਾਂ ਉਸ ਨੇ ਉਹ ਤਵੇ ਤੇ ਗ੍ਰਾਮਫੋਨ ਮਸੀਨ ਰਿਸਤੇਦਾਰ ਤੋਂ ਲੈ ਲਏ। ਅੱਜ ਦੀ ਬਹੁਤੀ ਨੌਜਵਾਨ ਪੀੜ੍ਹੀ ਇਸ ਪੁਰਾਣੇ ਸੰਗੀਤ ਕਲਚਰ ਤੋ ਅਣਜਾਣ ਹੈ। ਇਸੇ ਕਾਰਜ ਹਿੱਤ ਸੋਹਣ ਸਿੰਘ ਗ੍ਰਾਮੋਫੋਨ ਮਸੀਨਾਂ ਅਤੇ ਪੁਰਾਣੇ ਤਵਿਆਂ ਦੀ ਸੱਭਿਆਚਾਰਕ ਮੇਲਿਆਂ, ਸਕੂਲਾਂ, ਕਾਲਜਾਂ ਵਿਚ ਪ੍ਰਦਰਸਨੀਆਂ ਲਗਾ ਕੇ ਆਪਣੇ ਅਮੀਰ ਵਿਰਸੇ ਤੇ ਸੱਭਿਆਚਾਰ ਤੋਂ ਟੁੱਟਦੀ ਜਾ ਰਹੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਸੰਗੀਤ ਪ੍ਰਤੀ ਜਾਗਰੂਕ ਕਰਨ ਦਾ ਯਤਨ ਵੀ ਕਰ ਰਿਹਾ ਹੈ। ਸੋਹਣ ਸਿੰਘ ਆਤਲੀਆ ਨੂੰ ਇਹ ਸੰਗੀਤਕ ਖਜਾਨਾ ਸੰਭਾਲਣ ਬਦਲੇ ਬੁਰਜ ਹਰੀਕੇ ਜਿਲ੍ਹਾ ਮਾਨਸਾ ਦੀ ਪੰਚਾਇਤ ਵੱਲੋਂ ਬੁਰਜ ਹਰੀਕੇ ਵਿਚ ਅਤੇ ਤਲਵੰਡੀ ਸਾਬੋ ਸਬ ਡਵੀਜਨ ਪੱਧਰ 'ਤੇ ਹੋਏ ਸਰਕਾਰੀ ਸਮਾਗਮ ਮੌਕੇ ਸਾਲ 2008 ਤੇ 2013 ਨੂੰ ਸਨਮਾਨਿਤ ਕੀਤਾ ਜਾ ਚੁੱਕਿਆ ਹੈ। 15 ਸਾਲ ਤੋਂ ਸੰਗੀਤ ਦੀ ਇਸ ਪੁਰਾਤਨ ਵਿਰਾਸਤ ਨੂੰ ਸਾਂਭ ਰਹੇ ਪੰਜਾਬੀ ਸੱਭਿਆਚਾਰ ਦੇ ਸੈਦਾਈ ਸੋਹਣ ਸਿੰਘ ਆਤਲੀਆ ਦੀ ਇੱਛਾ ਹੈ ਕਿ ਉਹ ਹੋਰ ਜਿਆਦਾ ਪੁਰਾਤਨ ਸੰਗੀਤਕ ਵਸਤਾਂ ਇਕੱਠੀਆਂ ਕਰਕੇ ਗਿੰਨੀਜ ਬੁੱਕ ਆਫ ਵਰਲਡ ਰਿਕਾਰਡ ਵਿਚ ਆਪਣਾ ਨਾਂਅ ਦਰਜ ਕਰਵਾਏ। ਰੱਬ ਕਰੇ, ਉਸ ਦੀ ਇਹ ਇੱਛਾ ਪੂਰੀ ਹੋਵੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ 'ਵਿਜੇ ਸੰਕਲਪ ਰਥ ਯਾਤਰਾ' ਦੇ ਦੂਸਰੇ ਪੜਾਅ ਦੀ ਸ਼ੁਰੂਆਤ

## ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਕੌਮੀ ਪੱਧਰ 'ਤੇ ਮਨਾ ਰਹੀ ਹੈ ਭਾਜਪਾ

**ਆਨੰਦਪੁਰ ਸਾਹਿਬ (ਕੁਲਦੀਪ ਚੰਦ)–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਕੇਂਦਰੀ ਰਾਜ ਮੰਤਰੀ ਸ੍ਰੀ ਵਿਜੇ ਸਾਂਪਲਾ ਦੀ ਅਗਵਾਈ ਵਿਚ 'ਵਿਜੇ ਸੰਕਲਪ ਰਥ ਯਾਤਰਾ' ਦੇ ਦੂਸਰੇ ਪੜਾਅ ਦੀ ਸ਼ੁਰੂਆਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਹੋ ਗਈ ਹੈ। ਵਿਜੇ ਰਥ ਯਾਤਰਾ ਦਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਰਵਿਦਾਸ ਚੌਂਕ, ਗੰਗੂਵਾਲ, ਢੇਰ, ਭਾਨੂੰਪਲੀ, ਬ੍ਰਹਮਪੁਰ, ਨੰਗਲ ਰੇਲਵੇ ਰੋਡ ਤੇ ਟਰੱਕ ਯੂਨੀਅਨ ਚੌਕ ਵਿਖੇ ਢੋਲ ਧਮੱਕੇ ਨਾਲ ਸਵਾਗਤ ਕੀਤਾ ਗਿਆ। ਹਜਾਰਾਂ ਦੀ ਤਾਦਾਦ ਵਿਚ ਭਾਜਪਾ ਵਰਕਰਾਂ ਤੇ ਸਮਰਥਕਾਂ ਨੇ ਰਥ 'ਤੇ ਸਵਾਰ ਪਾਰਟੀ ਆਗੂਆਂ ਉਤੇ ਜਗ੍ਹਾ–ਜਗ੍ਹਾ ਫੁੱਲਾਂ ਦੀ ਵਰਖਾ ਕੀਤੀ ਅਤੇ ਮੋਟਰਸਾਈਕਲਾਂ ਤੇ ਕਾਰਾਂ ਉਤੇ ਸਵਾਰ ਵਰਕਰਾਂ ਦਾ ਕਾਫਲਾ ਜੋਸ਼ੀਲੇ ਨਾਅਰੇ ਮਾਰਦਾ ਹੋਇਆ ਅੱਗੇ ਵਧਿਆ। ਸ੍ਰੀ ਆਨੰਦਪੁਰ ਸਾਹਿਬ ਵਿਖੇ ਜਨਸਭਾ ਨੂੰ ਸੰਬੋਧਨ ਕਰਦਿਆਂ ਤੇ ਗੈਸਟ ਹਾਊਸ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਵਿਜੇ ਸਾਂਪਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਪੰਜਾਬ 'ਚ ਅਕਾਲੀ–ਭਾਜਪਾ ਗੱਠਜੋੜ ਸਰਕਾਰ ਨੇ ਵਿਕਾਸ ਦੀ ਲਹਿਰ ਚਲਾਈ ਹੈ ਅਤੇ ਇਹ ਲਗਾਤਾਰ ਜਾਰੀ ਰਹੇਗੀ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸ੍ਰੀ ਵਿਜੇ ਸਾਂਪਲਾ ਨੇ ਕਿਹਾ ਕਿ ਪ੍ਰਕਾਸ਼ ਪੁਰਬ ਮਨਾਉਣ ਲਈ ਕੇਂਦਰ ਸਰਕਾਰ ਵਲੋਂ 100 ਕਰੋੜ ਰੁਪਏ ਦਾ ਫੰਡ ਦਿੱਤਾ ਗਿਆ ਹੈ ਅਤੇ ਪੰਜਾਬ ਸਰਕਾਰ ਵਲੋਂ ਸੰਗਤ ਨੂੰ ਤਖਤ ਸ੍ਰੀ ਪਟਨਾ ਸਾਹਿਬ ਦੀ ਯਾਤਰਾ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਕੌਮੀ ਪੱਧਰ 'ਤੇ ਮਨਾ ਰਹੀ ਹੈ। ਵਿਜੇ ਸਾਂਪਲਾ ਨੇ ਕਿਹਾ ਕਿ 1999 ਵਿਚ ਖਾਲਸਾ ਪੰਥ ਦੀ ਸਾਜਨਾ ਦਾ 300 ਸਾਲਾ ਦਿਵਸ ਮਨਾਇਆ ਗਿਆ ਅਤੇ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਈ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਸਾਥੋਂ ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਲੈ ਕੇ ਦੇਸ਼ ਭਰ ਵਿਚ ਸਮਾਗਮ ਕਰਵਾਉਣ ਦੀ ਸੇਵਾ ਲਈ ਅਤੇ ਵਿਰਾਸਤ–ਏ–ਖਾਲਸਾ ਪ੍ਰਜੈਕਟ ਦਾ ਨਿ–ਰਮਾਣ ਸ਼ੁਰੂ ਕੀਤਾ ਗਿਆ।



ਵਿਰਾਸਤ–ਏ–ਖਾਲਸਾ ਦੇ ਦੂਸਰੇ ਪੜਾਅ ਨੂੰ ਵੀ ਸ੍ਰੀ ਬਾਦਲ ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਮੁਕੰਮਲ ਕਰਵਾਕੇ ਸਿੱਖ ਕੌਮ ਨੂੰ ਸਮਰਪਿਤ ਕੀਤਾ। ਸ੍ਰੀ ਸਾਂਪਲਾ ਨੇ ਕਿਹਾ ਕਿ ਅਕਾਲੀ–ਭਾਜਪਾ ਗੱਠਜੋੜ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਪਲਾਜ਼ਾ, ਸ੍ਰੀ ਅੰਮ੍ਰਿਤਸਰ ਵਿਖੇ ਵਿਰਾਸਤੀ ਸੁੰਦਰੀਕਰਨ, ਛੋਟੇ ਤੇ ਵੱਡੇ ਘੱਲੂਘਾਰੇ ਦੀਆਂ ਯਾਦਗਾਰਾਂ, ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ, ਸ਼ਹੀਦ ਸੈਨਿਕਾਂ ਦੀ ਯਾਦ ਵਿਚ ਜੰਗ–ਏ–ਆਜ਼ਾਦੀ ਯਾਦਗਾਰ ਦਾ ਨਿਰਮਾਣ ਕੀਤਾ ਗਿਆ। ਇਸ ਤੋਂ ਇਲਾਵਾ ਭਗਵਾਨ ਵਾਲਮੀਕਿ ਤੀਰਥ ਸਥਲ, ਰਾਮਤੀਰਥ ਅਤੇ ਖੁਰਾਲਗੜ੍ਹ ਵਿਖੇ ਗੁਰੂ ਰਵਿਦਾਸ ਜੀ ਦੀ ਯਾਦਗਾਰ ਬਣਾਈ ਗਈ ਹੈ। ਸ੍ਰੀ ਸਾਂਪਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਕੇਂਦਰ ਸਰਕਾਰ ਵਲੋਂ ਸਾਹਸੀ ਨਿਰਣੇ ਲਏ ਗਏ ਅਤੇ ਲੋਕਪੱਖੀ ਨੀਤੀਆਂ ਲਿਆਂਦੀਆਂ ਗਈਆਂ ਅਤੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਅਥਾਂਹ ਵਿਕਾਸ ਕਾਰਜ ਕੀਤੇ ਗਏ ਹਨ, ਜਿਸ ਦੇ ਆਧਾਰ 'ਤੇ ਜਨਤਾ ਤੋਂ ਵੋਟ ਸਮਰਥਨ ਮੰਗਣ ਦਾ ਅਧਿਕਾਰ ਸਿਰਫ਼ ਅਕਾਲੀ–ਭਾਜਪਾ ਗੱਠਜੋੜ ਨੂੰ ਹੀ ਹੈ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਕੈਪਟਨ ਕੋਲ ਪੰਜਾਬ ਦੀ ਜਨਤਾ ਨੂੰ ਮਿਲਣ ਦਾ ਸਮਾਂ ਨਹੀਂ, ਬਲਕਿ ਉਹ ਆਪਣੇ ਪਾਕਿਸਤਾਨੀ ਦੋਸਤ ਦੀ ਖਾਤਿਰਦਾਰੀ ਵਿਚ ਰੁੱਝੇ ਹੋਏ ਹਨ। ਸ੍ਰੀ ਸਾਂਪਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕੋਈ ਸੋਚ ਨਹੀਂ, ਬਲਕਿ ਇਹ ਅੱਯਾਸ਼, ਨਸ਼ੇੜੀ ਤੇ ਪੈਸੇ ਦੇ ਭੁੱਖੇ ਲੋਕਾਂ ਦੀ ਪਾਰਟੀ ਹੈ।

ਪੱਤਰਕਾਰਾਂ ਵਲੋਂ ਸੁਪਰੀਮ ਕੋਰਟ ਦੇ ਧਰਮ ਤੇ ਸਿਆਸਤ ਨੂੰ ਅਲੱਗ–ਅਲੱਗ ਕਰਨ ਦੇ ਨਿਰਦੇਸ਼ ਸਬੰਧੀ ਸਵਾਲ 'ਤੇ ਸ੍ਰੀ ਸਾਂਪਲਾ ਨੇ ਕਿਹਾ ਕਿ ਸਿੱਖ ਫਲਸਫ਼ੇ ਅਨੁਸਾਰ 'ਰਾਜ ਬਿਨਾ ਨਾ ਧਰਮ ਚਲੇ ਹੈ, ਧਰਮ ਬਿਨਾ ਸਭ ਦਲੇ ਮਲੇ ਹੈ' ਅਤੇ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਮੀਰੀ ਤੇ ਪੀਰੀ ਦਾ ਸਿਧਾਂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਨਿਰਦੇਸ਼ਾਂ ਦਾ ਸਵਾਗਤ ਕਰਦੇ ਹਨ ਅਤੇ ਧਰਮ ਦੇ ਉਤੇ ਸਿਆਸਤ ਨਹੀਂ ਹੋਣੀ ਚਾਹੀਦੀ, ਪਰੰਤੂ ਸਿਆਸਤ ਧਰਮ ਤੋਂ ਦੂਰ ਨਹੀਂ ਹੈ। ਯਾਤਰਾ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਸੂਬਾ ਜਥੇਬੰਦਕ ਸਕੱਤਰ ਦਿਨੇਸ਼ ਕੁਮਾਰ, ਕੈਬਨਿਟ ਮੰਤਰੀ ਮਦਨ ਮੋਹਨ ਮਿੱਤਲ, ਸੂਬਾ ਮੀਤ ਪ੍ਰਧਾਨ ਇਕਬਾਲ ਸਿੰਘ ਲਾਲਪੁਰਾ, ਸੂਬਾ ਜਨਤਰ ਸਕੱਤਰ ਮਨਜੀਤ ਸਿੰਘ ਰਾਏ ਤੇ ਜੀਵਨ ਗੁਪਤਾ, ਸੂਬਾ ਸਕੱਤਰ ਵਿਨੀਤ ਜੋਸ਼ੀ ਤੇ ਵਿਜੇ ਪੁਰੀ, ਸ੍ਰੀਮਤੀ ਰੀਨਾ ਜੇਤਲੀ ਚੇਅਰਪਰਸਨ ਫਾਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ, ਜਿਲ੍ਹਾ ਪ੍ਰਧਾਨ ਯੋਗੇਸ਼ ਸੂਦ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਡਾ. ਈਸ਼ਵਰ ਸਰਦਾਨਾ, ਭਾਜਪਾ ਯੁਵਾ ਮੋਰਚਾ ਦੇ ਸੂਬਾ ਪ੍ਰਧਾਨ ਸ਼ਿਵਵੀਰ ਰਾਜਨ ਤੇ ਜਨਰਲ ਸਕੱਤਰ ਅਮਿਤ ਸਾਂਪਲਾ, ਭਾਜਪਾ ਕਿਸਾਨ ਮੋਰਚਾ ਦੇ ਸਾਬਕਾ ਸੂਬਾ ਪ੍ਰਧਾਨ ਜਤਿੰਦਰ ਸਿੰਘ ਅਠਵਾਲ, ਨਗਰ ਕੌਂਸਲ ਨੰਗਲ ਦੇ ਸਾਬਕਾ ਪ੍ਰਧਾਨ ਰਾਜੇਸ਼ ਚੌਧਰੀ ਵੀ ਮੌਜੂਦ ਸਨ।

# ਉਘੇ ਸਮਾਜ ਸੇਵਕ ਸ: ਅਮਰੀਕ ਸਿੰਘ ਸ਼ਿਕਾਗੋ ਦਾ ਕੈਲੀਫੋਰਨੀਆਂ 'ਚ ਹੋਇਆ ਵਿਸ਼ੇਸ਼ ਸਨਮਾਨ

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਪਿਛਲੇ ਦਿਨੀਂ ਉਘੇ ਬਿਜ਼ਨਸਮੈਨ ਅਤੇ ਸਮਾਜ ਸੇਵਕ ਸ: ਅਮਰੀਕ ਸਿੰਘ ਅਮਰ ਕਾਰਪੈਟ ਮੈਂਬਰ ਚੀਫ਼ ਮੀਡੀਆ ਇੰਚਾਰਜ ਅਤੇ ਹਾਈ ਪਾਵਰ ਕੋਰ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦਾ ਕੈਲੀਫੋਰਨੀਆਂ ਵਿਖੇ ਪੁੱਜਣ 'ਤੇ ਜਿੱਥੇ ਨਿੱਘਾ ਸਵਾਗਤ ਕੀਤਾ ਗਿਆ ਉਥੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਵਲੋਂ ਸ: ਅਮਰੀਕ ਸਿੰਘ ਸ਼ਿਕਾਗੋ ਵਲੋਂ ਸ਼ੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਪਾਰਟੀ ਲਈ ਪ੍ਰਚਾਰ ਅਤੇ ਉਨ੍ਹਾਂ ਨੂੰ ਪੂਰੇ ਅਮਰੀਕਾ ਅਕਾਲੀ ਦਲ ਦਾ ਚੀਫ਼ ਮੀਡੀਆ ਇੰਚਾਰਜ ਬਣਨ 'ਤੇ ਕੈਲੀਫੋਰਨੀਆਂ ਦੇ ਇੰਡੀਆ ਓਵਨ ਰੈਸਟੋਰੈਂਟ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਉਨਾਂ ਦੇ ਕੈਨੇਡਾ ਵਸਦੇ ਵੱਡੇ ਭਰਾ ਸ: ਮਨਜੀਤ ਸਿੰਘ ਰਾਜਪੁਰ ਭਾਈਆਂ, ਸ: ਵਰਿੰਦਰ ਪਾਲ ਸਿੰਘ ਪੁਰਹੀਰਾ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਨਮਾਨ ਕਰਨ ਵਾਲਿਆਂ ਵਿਚ ਯੂਥ ਅਕਾਲੀ ਦਲ ਅਮਰੀਕਾ ਦੇ ਕੋਆਰਡੀਨੇਟਰ ਸ: ਅਰਵਿੰਦਰ ਸਿੰਘ ਲਾਖਨ, ਸ. ਰਵਿੰਦਰ ਸਿੰਘ ਬੋਇਲ ਮਕਸੂਦਪੁਰ ਪ੍ਰਧਾਨ ਯੂਥ ਅਕਾਲੀ ਦਲ ਵੈਸਟ



ਕੋਸਟ ਜ਼ੋਨ ਅਮਰੀਕਾ, ਸ੍ਰੀ ਵਿਨੇ ਵੋਹਰਾ ਸੀਨੀਅਰ ਵਾਈਸ ਪ੍ਰਧਾਨ ਯੂਥ ਅਕਾਲੀ ਦਲ ਵੈਸਟ ਕੋਸਟ ਜ਼ੋਨ ਅਮਰੀਕਾ, ਬਾਬਾ ਦਲਜੀਤ ਸਿੰਘ ਸ਼ਿਕਾਗੋ ਸਰਪ੍ਰਸਤ ਅੰਤਰਰਾਸ਼ਟਰੀ ਸਿੱਖ ਪਹਿਚਾਣ ਮੁਹਿੰਮ, ਸ: ਨਰਿੰਦਰਪਾਲ ਸਿੰਘ ਹੁੰਦਲ ਸੀਨੀਅਰ ਵਾਈਸ ਪ੍ਰਧਾਨ ਵੈਸਟ ਕੋਸਟ, ਸਤਬੀਰ ਸਿੰਘ ਹੀਰ ਪ੍ਰੈਸ ਸਕੱਤਰ, ਭੁਪਿੰਦਰ ਸਿੰਘ ਜਾਡਲਾ ਸੀਨੀਅਰ ਸਲਾਹਕਾਰ, ਸ਼ੇਰ ਸਿੰਘ ਚੌਹਾਨ ਜਰਨਲ ਸਕੱਤਰ, ਵਿਕਰਮ ਵੋਹਰਾ, ਚਰਨਜੀਤ ਮਾਂਗਟ, ਵੰਨਸ਼ਦੀਪ ਸਿੱਧੂ, ਪੁਨੀਤ ਅਰੋੜਾ ਸ਼ਾਮਿਲ ਸਨ। ਵੱਖ–ਵੱਖ ਬੁਲਾਰਿਆਂ ਨੇ ਜਿੱਥੇ ਸ. ਅਮਰੀਕ ਸਿੰਘ ਸ਼ਿਕਾਗੋ ਨੂੰ ਨਿੱਘੀ ਜੀ ਆਇਆਂ ਕਿਹਾ ਉਥੇ ਸ: ਅਮਰੀਕ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ ਲਈ ਕੀਤੇ ਜਾ ਰਹੇ ਪ੍ਰਚਾਰ ਬਾਰੇ ਚਾਨਣਾ ਪਾਇਆ। ਬੁਲਾਰਿਆਂ ਨੇ ਕਿਹਾ ਕਿ ਸ. ਅਮਰੀਕ ਸਿੰਘ ਅਮਰ ਅਮਰੀਕਾ ਵਿਚ ਪਾਰਟੀ ਲਈ ਸਖਤ ਮਿਹਨਤ ਕਰ ਰਹੇ ਹਨ। ਜਿਸ ਸਦਕਾ ਪਾਰਟੀ ਨੇ ਉਨ੍ਹਾਂ ਨੂੰ ਪੂਰੇ ਅਮਰੀਕਾ ਦਾ ਚੀਫ਼ ਮੀਡੀਆ ਇੰਚਾਰਜ ਨਿਯੁਕਤ ਕੀਤਾ। ਅੰਤ ਵਿਚ ਸ: ਅਮਰੀਕ ਸਿੰਘ ਸ਼ਿਕਾਗੋ ਨੇ ਸਮੂਹ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਨੀਤੂ ਬਡਿਆਲ, ਮਨਜੀਤ ਸਿੰਘ, ਨਾਜਰ ਸਿੰਘ, ਰਣਜੀਤ ਸਿੰਘ ਚੇਅਰਮੈਨ, ਗੁਰਵਿੰਦਰ ਸਿੰਘ, ਰਾਜ ਬਰਾੜ ਯਮਲਾ ਜੱਟ, ਗੁਰਦੀਪ ਸਿੰਘ ਸਟੇਜ ਸਕੱਤਰਾਂ ਦੀ ਜਿੰਮੇਵਾਰੀ ਯੂਥ ਅਕਾਲੀ ਦਲ ਵੈਸਟ ਕੋਸਟ ਜ਼ੋਨ ਅਮਰੀਕਾ ਦੇ ਪ੍ਰਧਾਨ ਰਵਿੰਦਰ ਸਿੰਘ ਬੋਇਲ ਮਕਸੂਦਪੁਰ ਨੇ ਬਾਖੂਬੀ ਨਿਭਾਈ।

# ਮੋਬਾਈਲ ਐਪਸ ਰਾਹੀ ਚੋਣਾਂ 'ਚ ਰੱਖੀ ਜਾਵੇਗੀ ਨਸ਼ਿਆਂ ਅਤੇ ਅਪਰਾਧੀਆਂ 'ਤੇ ਅੱਖ

**ਚੰਡੀਗੜ੍ਹ–** ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹਨ ਦੇ ਮਕਸਦ ਨਾਲ ਮੋਬਾਈਲ ਆਧਾਰਿਤ ਐਪਸ ਰਾਹੀਂ ਚੋਣ ਪ੍ਰਕਿਰਿਆ 'ਤੇ ਨਿਗਰਾਨੀ ਰੱਖਣ ਦਾ ਫ਼ੈਸਲਾ ਕੀਤਾ ਹੈ। ਇਸ ਤਹਿਤ ਐਂਡਰਾਇਡ ਐਪ ਤਿਆਰ ਕੀਤੇ ਗਏ ਹਨ। ਭਾਰਤੀ ਚੋਣ ਕਮਿਸ਼ਨ ਦੇ ਵਧੀਕ ਚੋਣ ਕਮਿਸ਼ਨਰ ਸੰਦੀਪ ਸਕਸੈਨਾ ਨੇ ਅੱਜ ਇੱਥੇ ਪ੍ਰਸ਼ਾਸਕੀ, ਪੁਲੀਸ ਤੇ ਆਈ.ਟੀ ਮਾਹਿਰਾਂ ਦੀ ਇੱਕ ਉੱਚ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਹ ਅਹਿਮ ਖ਼ੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਐਪ ਮੁੱਖ ਤੌਰ 'ਤੇ ਕਾਨੂੰਨ ਵਿਵਸਥਾ ਦੀ ਨਿਗਰਾਨੀ ਕਰਨ ਸਮੇਤ ਪ੍ਰੀਜ਼ਾਈਡਿੰਗ ਅਫ਼ਸਰਾਂ ਅਤੇ ਪੋਲ ਅਧਿਕਾਰੀਆਂ ਦੇ ਕੰਮ ਸੁਚਾਰੂ ਬਣਾਉਣ ਲਈ ਤਿਆਰ ਕੀਤੇ ਗਏ ਹਨ। ਇਸ ਤੋਂ ਇਲਾਵਾ ਇਹ ਐਪ ਅਪਰਾਧਾਂ ਅਤੇ ਅਪਰਾਧੀਆਂ ਸਬੰਧੀ ਵੀ ਪੂਰੀ ਜਾਣਕਾਰੀ ਪਲਾਂ ਵਿੱਚ ਹੀ ਉਪਲੱਬਧ ਕਰਵਾਉਣਗੇ ਅਤੇ ਨਾਲ ਹੀ ਚੋਣਾਂ ਨਾਲ ਸਬੰਧਤ ਜਾਣਕਾਰੀ ਵੀ ਉੱਚ ਅਧਿਕਾਰੀਆਂ ਨੂੰ ਨਾਲ ਦੀ ਨਾਲ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਦੱਸਿਆ ਕਿ ਚੋਣਾਂ ਸਬੰਧੀ ਪ੍ਰਾਪਤ ਸ਼ਿਕਾਇਤਾਂ ਦਾ ਨਿਬੇੜਾ ਵੀ ਆਨਲਾਈਨ ਕੀਤਾ ਜਾਵੇਗਾ। ਚੋਣ ਪ੍ਰਕਿਰਿਆ ਵਿੱਚ ਸ਼ਾਮਲ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਚੋਣਾਂ ਦੌਰਾਨ ਵਰਤੀ ਜਾਣ ਵਾਲੀ ਇਸ ਨਵੀਂ ਤਕਨੀਕ ਸਬੰਧੀ ਵਿਸ਼ੇਸ਼ ਸਿਖਲਾਈ ਦਿੱਤੀ ਗਈ ਹੈ। ਇਸ ਮੌਕੇ ਪੰਜਾਬ ਪੁਲੀਸ ਦੇ ਅਧਿਕਾਰੀਆਂ ਵੱਲੋਂ ਚੋਣਾਂ ਦੌਰਾਨ ਅਹਿਮ ਭੂਮਿਕਾ ਨਿਭਾਉਣ ਵਾਲੇ ਇਨ੍ਹਾਂ ਐਪਸ ਦੀ ਕਾਰਗੁਜ਼ਾਰੀ ਸਬੰਧੀ ਪ੍ਰੈਜ਼ੈਂਟੇਸ਼ਨ ਵੀ ਦਿੱਤੀ ਗਈ ਤੇ ਇਸ ਤੋਂ ਬਾਅਦ ਸ੍ਰੀ ਸਕਸੈਨਾ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਪੰਜਾਬ ਪੁਲੀਸ ਨੇ ਇਨ੍ਹਾਂ ਐਪਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੂਬੇ ਦੇ ਸਾਰੇ ਥਾਣਿਆਂ, ਇਲਾਕਿਆਂ ਤੇ ਪੁਲੀਸ ਮੁਲਾਜ਼ਮਾਂ ਦੀ ਮੈਪਿੰਗ ਵੀ ਕਰ ਲਈ ਹੈ। ਸ੍ਰੀ ਸਕਸੈਨਾ ਨੇ ਕਿਹਾ ਕਿ ਚੋਣ ਜ਼ਾਬਤਾ ਲਾਗੂ ਹੁੰਦਿਆਂ ਹੀ ਇਨ੍ਹਾਂ ਐਪਸ 'ਤੇ ਸ਼ਰਾਬ, ਪੈਸੇ ਤੇ ਹੋਰ ਨਸ਼ੀਲੇ ਪਦਾਰਥ ਫੜੇ ਜਾਣ ਸਬੰਧੀ ਜਾਣਕਾਰੀ ਅਪਲੋਡ ਕਰਨੀ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਇਸ ਐਪ ਨੂੰ ਚੋਣ ਕਮਿਸ਼ਨਰ ਜਾਂ ਚੋਣ ਕਮਿਸ਼ਨ ਵੱਲੋਂ ਮਿੱਥੇ ਅਧਿਕਾਰੀ ਹੀ ਖੋਲ੍ਹ ਸਕਣਗੇ। ਇਨ੍ਹਾਂ ਐਪਸ ਰਾਹੀਂ ਦਿੱਲੀ ਵਿੱਚ ਬੈਠੇ ਚੋਣ ਕਮਿਸ਼ਨਰ ਪੰਜਾਬ ਚੋਣਾਂ ਸਬੰਧੀ ਹਰ ਜਾਣਕਾਰੀ ਹਾਸਲ ਕਰ ਸਕਣਗੇ।

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ
ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।
JOHN SINGH BANGA
Realtor, Lic # 01397975
916-271-5404
banga.realtor@gmail.com
TEAM JD
ELITE REALTY SERVICES
DALVIR 'DIL' NIJJAR
Realtor, Lic # 01418648
916-628-2210
dil.realtor@gmail.com
Office: 916-681-5112
7412 Elsie Avenue, Sacramento CA 94828

# "ਭਾਰਤ ਵਿੱਚ ਸੋਸ਼ਿਲ ਰਿਫੋਰਮੈਸ਼ਨ ਵਿੱਚ ਵਿਦੇਸ਼ੀ ਦਲਿਤ ਜਥੇਬੰਦੀਆਂ ਦਾ ਯੋਗਦਾਨ" ਵਿਸ਼ੇ ਤੇ ਐਸਰੋ ਵਲੋਂ ਸੈਮੀਨਾਰ ਕਰਵਾਇਆ ਗਿਆ

**ਸਰ੍ਹੀ (ਕੈਨੇਡਾ)–** ਸਰ੍ਹੀ ਵਿਖੇ ਅੰਬੇਡਕਰ ਇੰਟਰਨੈਸ਼ਨਲ ਸੋਸ਼ਲ ਰਿਫਾਰਮ ਔਰਗੇਨਾਈਜੇਸ਼ਨ ਕੇਨੈਡਾ ਵਲੋਂ "ਭਾਰਤ ਵਿੱਚ ਸੋਸ਼ਿਲ ਰਿਫੋਰਮੈਸ਼ਨ ਵਿੱਚ ਵਿਦੇਸ਼ੀ ਦਲਿਤ ਜਥੇਬੰਦੀਆਂ ਦਾ ਯੋਗਦਾਨ" ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ? ਇਸ ਸੈਮੀਨਾਰ ਦੀ ਪ੍ਰਧਾਨਗੀ ਵੈਨਕੁਵਰ ਦੇ ਵਪਾਰੀ ਸੰਤੋਖ ਜੱਸਲ ਵਲੋਂ ਕੀਤੀ ਗਈ। ਸ੍ਰੀ ਸੰਦੀਪ ਮੇਹਮੀ ਸਹਾਇਕ ਰਜ਼ਿਸਟਰਾਰ ਪੰਜਾਬ ਟੈਕਨੀਕਲ ਯੁਨੀਵਿਰਸਟੀ ਜਲੰਧਰ ਇਸ ਸੈਮੀਨਾਰ ਦੇ ਮੁਖ ਬੁਲਾਰੇ ਸਨ। ਇਸ ਸਮਾਗਮ ਦੀ ਸ਼ੁਰੂਆਤ ਵੈਨਕੁਵਰ ਦੇ ਵਪਾਰੀ ਸ਼੍ਰੀ ਸੰਤੋਖ ਜੱਸਲ ਵਲੋਂ ਬਾਬਾ ਸਾਹਿਬ ਜੀ ਦੀ ਫੋਟੋ ਅਗੇ ਜੋਤ ਜਗਾ ਕੇ ਕੀਤੀ ਗਈ। ਐਸਰੋ ਕੇਨੈਡਾ ਦੇ ਸਹਾਇਕ ਸਕੱਤਰ ਜੋਗਿੰਦਰ ਸਿੰਘ ਬੰਗੜ ਵਲੋਂ ਆਏ ਹੋਏ ਮਹਿਮਾਨਾਂ ਅਤੇ ਸਰੋਤਿਆ ਨੂੰ ਜੀ ਆਇਆਂ ਕਿਹਾ ਅਤੇ ਏਸਰੋ ਕੇਨੈਡਾ ਦੀ ਪ੍ਰੋਗਰੈਸ ਰਿਪੋਰਟ ਪੇਸ਼ ਕੀਤੀ। ਐਸਰੋ ਕੇਨੈਡਾ ਦੇ ਡਾਇਰੈਕਟਰ ਮਦਨ ਕਰ੍ਹੜਾ ਨੇ ਐਸਰੋ ਕੇਨੈਡਾ ਵਲੋਂ ਹੁਣ ਤੱਕ ਦੇ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਦੇ ਹੋਏ ਸੰਸਥਾ ਵਲੋਂ ਭਾਰਤ ਵਿੱਚ ਭੇਜੀ ਗਈ ਮਾਲੀ ਸਹਾਇਤਾ ਦਾ ਵੇਰਵਾ ਪੇਸ਼ ਕੀਤਾ। ਮੁੱਖ ਬੁਲਾਰੇ ਸੰਦੀਪ ਮੈਹਮੀ ਨੇ ਨਿ-ਰਧਾਰਤ ਵਿਸ਼ੇ ਤੇ ਬੋਲਦਿਆ ਭਾਰਤ ਵਿੱਚ ਦਲਿਤਾਂ ਦੀ ਮਾਯੂਦਾ ਰਾਜਨੀਤਕ ,ਸਮਾਜਿਕ ਤੇ ਆਰਥਿਕ ਸਥਿਤੀ ਤੇ ਵਿਸਥਾਰ ਪੂਰਵਕ ਆਪਣੇ ਵਿਚਾਰ ਰੱਖੇ।ਉਨਾਂ ਦੱਸਿਆ ਕਿ ਦਲਿਤਾਂ ਦੇ ਉਪਰ ਹਰ ਰੋਜ਼ ਨਵੇਂ ਢੰਗ ਤਰੀਕਿਆ ਨਾਲ ਅਤਿਆਚਾਰ ਲਗਾਤਾਰ ਕੀਤੇ ਜਾ ਰਹੇ ਹਨ ਜੋ ਕਿ ਚਿੰਤਾ ਦਾ ਵਿਸ਼ਾ ਹੈ। ਉਨਾਂ ਨੇ ਕਿਹਾ ਕਿ ਦਲਿਤਾਂ ਨੂੰ ਇੱਕਮੁਠ ਹੋ ਕੇ ਇਹਨਾਂ ਅਤਿਆਚਾਰਾਂ ਦਾ ਵਿਰੋਧ ਕਰਦੇ ਹੋਏ ਢੁਕਵੇਂ ਹੱਲ ਲੱਭਣ ਦੇ ਯਤਨ ਕਰਨੇ ਚਾਹੀਦੇ ਹਨ ।ਉਨਾਂ ਨੇ ਕਿਹਾ ਕਿ ਰਾਜਨੀਤਕ ਲੋਕ ਸਵਾਰਥੀ ਹੋ ਗਏ ਹਨ ਤੇ ਉਹ ਆਪਣੀਆ ਵੋਟਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ ਤੇ ਦਲਿਤਾਂ ਦੇ ਸੁਧਾਰ ਲਈ ਕੁਝ ਵੀ ਨਹੀ ਨਹੀ ਕਰ ਰਹੇ ਹਨ।ਇਸ ਤੇ ਉਨਾਂ ਨੇ ਸੱਖਤ ਰੋਸ ਪ੍ਰਗਟ ਕੀਤਾ ਤੇ ਉਨਾਂ ਨੇ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਬਾਬਾ ਸਾਹਿਬ ਜੀ ਦੀ ਸੋਚ ਨੂੰ ਅਪਣਾ ਕੇ ਉਸ ਤੇ ਪਹਿਰਾ ਦੇਈਏ। ਵਿਦੇਸ਼ਾ ਵਿੱਚ ਦਲਿਤਾਂ ਲਈ ਕੰਮ ਕਰ ਰਹੇ ਸੰਗਠਨਾਂ ਨੂੰ ਚਾਹੀਦਾ ਹੈ ਕਿ ਉਹ ਇੱਕ ਪਲੇਟ ਫਾਰਮ ਤੇ ਇੱਕਠੇ ਹੋਣ ਅਤੇ ਇੱਕਮੁਠ ਹੋ ਕੇ ਕੰਮ ਕਰਣ ਤਾਂ ਹੀ ਉਹ ਭਾਰਤ ਵਿੱਚ ਦਲਿਤਾ ਦੇ ਸਮਾਜਿਕ ਪ੍ਰੀਵਰਤਨ ਵਿੱਚ ਫੈਸਲਾ ਕੁਨ ਯੋਗਦਾਨ ਪਾ ਸੱਕਦੇ ਹਨ। ਸ੍ਰੀ ਮਾਨ ਮੈਹਮੀ ਸਾਹਿਬ ਨੇ ਐਸਰੋ ਕੇਨੈਡਾ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਭਰਭੂਰ ਸ਼ਲਾਘਾ ਕੀਤੀ ਅਤੇ ਐਸਰੋ ਕੇਨੈਡਾ ਨੂੰ ਪੂੰਜਾਬ ਅੰਦਰ ਹਰ ਤਰਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।ਐਸਰੋ ਕੇਨੈਡਾ ਦੇ ਪ੍ਰਧਾਨ ਰੂਪ ਲਾਲ ਗੱਡੂ ਨੇ ਕਿ ਕਿ ਸਾਡੀ ਸੰਸਥਾ ਭਾਰਤ ਵਿੱਚ ਦਲਿਤਾਂ ਦੇ ਸਮਾਜਿਕ ਪ੍ਰੀਵਰਤਨ ਲਈ ਵਿਸ਼ਵ ਪੱਧਰ ਤੇ ਕੰਮ ਕਰ ਰਹੀਆਂ ਤਮਾਮ ਦਲਿਤ ਜੰਥੇਵੰਧੀਆ ਨੂੰ ਇੱਕ ਪਲੇਟ ਫਾਰਮ ਤੇ ਇੱਕਠੇ ਕਰਨ ਵਿੱਚ ਮਹੱਤਵ ਪੂਰਣ ਭੂਮੀਕਾ ਨਿਵਾਏਗੀ।ਇਸ ਮੌਕੇ ਤੇ ਮੋਹਣ ਲਾਲ ਕਰੀਮਪੁਰੀ ਵਲੋਂ ਲਿਖੀਆ ਗਈਆ ਕਿਤਾਬਾਂ ਸ਼੍ਰੀ ਸੰਦੀਪ ਮਹਿਮੀ ਨੂੰ ਭੈਂਟ ਕੀਤੀਆਂ ਗਈਆਂ।ਐਸਰੋ ਕਨੈਡਾ ਵਲੋਂ ਆਪਣੇ ਮੁੱਖ ਬੁਲਾਰੇ ਬੁਲਾਰੇ ਸੰਦੀਪ ਮੈਹਮੀ ਵਲੋਂ ਭਾਰਤ ਵਿੱਚ ਸਮ-ਾਜਿਕ ਪ੍ਰੀਵਰਤਨ ਅਤੇ ਦਲਿਤਾਂ ਦੇ ਕਲਿਆਣ ਲਈ ਖਾਸ ਤੌਰ ਤੇ ਵਿਦਿਆਰਥੀਆਂ ਨੂੰ ਨੌਕਰੀਆਂ ਦਿਵਾਉਣ ਲਈ ਖੋਲੇ ਗਏ ਕੋਚਿੰਗਾਂ ਸੈਂਟਰਾਂ ਲਈ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਵੈਨਕੁਵਰ ਦੇ ਅੰਬੇਡਕਾਰੀਆ ਨਾਲ ਖੱਚਾ-ਖਚ ਭਰੇ ਹਾਲ ਵਿੱਚ ਸਟੇਜ਼ ਦਾ ਸੰਚਾਲਿਨ ਰਤਨ ਪਾਲ ਵਲੋਂ ਬਾਖੂਵੀ ਨਿਵਾਇਆ ਗਿਆ।




**ਰਿਪੋਰਟ – ਰਤਨ ਪਾਲ**

# ਦੋ ਮਿਸ਼ਨਰੀ ਕਿਤਾਬਾਂ 'ਅੰਬੇਡਕਰ ਇਨਕਲਾਬ' ਅਤੇ 'ਬੁੱਧ ਭੀਮ ਕਿਰਨਾਂ' ਦੀ ਸ਼ਾਮਚੁਰਾਸੀ 'ਚ ਘੁੰਢ ਚੁਕਾਈ

**ਸ਼ਾਮਚੁਰਾਸੀ –** ਸ਼ਾਮਚੁਰਾਸੀ ਵਿਖੇ ਇਸ ਸਮਾਗਮ ਦੌਰਾਨ ਪ੍ਰਵਾਸੀ ਲੇਖਕ ਮੋਹਨ ਲਾਲ ਕਰੀਮਪੁਰੀ ਕਨੇਡਾ ਵਾਲਿਆਂ ਵਲੋਂ ਲਿਖੀਆਂ ਗਈਆਂ, ਦੋ ਵੱਖ-ਵੱਖ ਮਿਸ਼ਨਰੀ ਕਿਤਾਬਾਂ 'ਅੰਬੇਡਕਰ ਇਨਕਲਾਬ ਅਤੇ 'ਬੁੱਧ ਭੀਮ ਕਿਰਨਾਂ' ਦੀ ਘੁੰਢ ਚੁਕਾਈ ਬਸਪਾ ਦੇ ਸੂਬਾ ਪ੍ਰਧਾਨ ਸ਼੍ਰੀ ਰਸ਼ਪਾਲ ਰਾਜੂ ਅਤੇ ਠੇਕੇਦਾਰ ਭਗਵਾਨ ਦਾਸ ਸਿੱਧੂ ਵਲੋਂ ਸਾਂਝੇ ਤੌਰ ਤੇ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਬਾਬਾ ਸਾਹਿਬ ਨੇ ਕਿਹਾ ਸੀ ਕਿ ਜਿਹੜੀ ਕੌਮ ਆਪਣਾ ਇਤਿਹਾਸ ਭੁੱਲ ਜਾਂਦੀ ਹੈ, ਉਹ ਕਦੇ ਇਤਿਹਾਸ ਦੀ ਸਿਰਜਣਾ ਨਹੀਂ ਕਰ ਸਕਦੀ। ਇਸ ਕਾਰਜ ਲਈ ਸਾਥੀਆਂ ਨੇ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਦਾ ਵੀ ਧੰਨਵਾਦ ਜਿੰਨ੍ਹਾਂ ਨੇ ਉਕਤ ਕਿਤਾਬਾਂ ਨੂੰ ਰਿਲੀਜ਼ ਕਰਵਾਉਣ ਦਾ ਹੰਭਲਾ ਮਾਰਿਆ।

ਇਸ ਲਈ ਅਜਿਹੀਆਂ ਪੁਸਤਕਾਂ ਦਾ ਨਿਰਮਾਣ ਕਰਨਾ ਸਮੇਂ ਦੀ ਲੋੜ ਹੈ। ਜੋ ਸਾਡੇ ਇਤਿਹਾਸ, ਵਿਰਸਾ, ਵਿਰਾਸਤ ਦੀ ਯਾਦ ਦਿਵਾਉਂਦੀਆਂ ਹਨ। ਇਸ ਘੁੰਢ ਚੁਕਾਈ ਸਮਾਗਮ ਮੌਕੇ ਬਲਵਿੰਦਰ ਅੰਬੇਡਕਰੀ ਜਨ. ਸਕੱਤਰ ਮਾ. ਰਾਮ ਲੁਭਾਇਆ ਪੰਜਾਬ, ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ, ਹਲਕਾ ਪ੍ਰਧਾਨ ਸੁਖਦੇਵ ਬਿੱਟਾ, ਸੀਨੀ. ਆਗੂ ਮਨਿੰਦਰ ਸਿੰਘ ਸ਼ੇਰਪੂਰੀ, ਨਿਸ਼ਾਨ ਚੌਧਰੀ, ਐਡਵੋਕੇਟ ਰਣਜੀਤ ਕੁਮਾਰ, ਇੰਜ. ਸਤਪਾਲ ਭਾਰਦਵਾਜ, ਜਗਮੋਹਣ ਸਿੰਘ, ਮਲਕੀਤ ਸਿੰਘ, ਯੂਥ ਦਲਿਤ ਆਗੂ ਅਨਿਲ ਕੁਮਾਰ ਬਾਘਾ, ਸੰਦੀਪ ਚੀਨਾ, ਡਾ. ਬਲਵਿੰਦਰ ਸਿੰਘ, ਮਾ. ਸਾਧੂ ਰਾਮ, ਇੰਦਰਜੀਤ ਸਿੰਘ, ਧਰਮਪਾਲ ਕਠਾਰ, ਡਾ. ਜਸਵੀਰ ਸਿੰਘ, ਡਾ. ਜੋਗਿੰਦਰ ਪਾਲ, ਸਤਨਾਮ ਸਿੰਘ, ਰਜੇਸ਼ ਕੁਮਾਰ ਸਿਟੀ ਪ੍ਰਧਾਨ, ਪ੍ਰਧਾਨ ਰਾਜ ਕੁਮਾਰ ਕੈਲੇਂ, ਸੂਬੇਦਾਰ ਸੁਰਿੰਦਰ ਸਿੰਘ ਸੂਸ, ਸਰਵਣ ਸਿੰਘ ਨਿਆਜੀਆਂ, ਪ੍ਰਗਟ ਸਿੰਘ ਚੁੰਬਰ, ਮਦਨ, ਗੋਪਾਲ, ਬਿੱਟੂ, ਜਸਵਿੰਦਰ ਜੱਸੀ, ਸ਼ਿੰਗਾਰਾ ਸਿੰਘ ਲਾਂਬੜਾ, ਕੁਲਵੀਰ ਸਿੰਘ ਸ਼ਾਮਚੁਰਾਸੀ, ਸੁਖਵਿੰਦਰ ਜੱਸਲ, ਸਰਪੰਚ ਬਲਵਿੰਦਰ, ਰਵਿੰਦਰ, ਬਿੱਲੂ, ਸੋਨੀ ਰਾਏਪੂਰ, ਹਰਜੀਤ ਸਿੰਘ, ਰਵੀ ਕੁਮਾਰ, ਹੈਪੀ ਧਾਮੀਆਂ, ਰਵੀ ਬੰਗੜ, ਸ਼ੀਪਾ ਸ਼ਾਮਚੁਰਾਸੀ, ਕਮਲਜੀਤ, ਸੋਨੀ ਰਾਏਪੁਰ, ਸਰਬਜੀਤ ਫੱਤੂ, ਜਸਵੀਰ ਸਿੰਘ, ਪ੍ਰਸ਼ੋਤਮ, ਰਿੰਕੂ ਰਾਏਪੁਰ, ਧਰਮਿੰਦਰ ਸਿੰਘ, ਮਨਜੀਤ ਜੱਸੀ, ਚੰਦਨ, ਸੁਖਵਿੰਦਰ ਗੋਸ਼ਾ ਸਮੇਤ ਕਈ ਹੋਰ ਹਾਜ਼ਰ ਸਨ।



**ਰਿਪੋਰਟ– ਕੁਲਦੀਪ ਚੁੰਬਰ**

# ਬਸਪਾ (ਅਮਰੀਕਾ) ਯੂਨਿਟ ਦੀ ਮੀਟਿੰਗ 'ਚ ਨਵੇਂ ਆਗੂਆਂ ਦੀ ਚੋਣ





**ਬਰਾਡਵੇ (ਕੈਲੇਫੋਰਨੀਆ)–** ਬੀਤੀ 18 ਦਸੰਬਰ ਨੂੰ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਅਤੇ ਸਮਰਥਕਾਂ ਦੀ ਇਕ ਮੀਟਿੰਗ ਬਾਬਾ ਸਾਹਿਬ ਡਾ. ਅੰਬੇਡਕਰ ਲਾਇਬ੍ਰੇਰੀ ਗੁਰੂ ਰਵਿਦਾਸ ਟੈਂਪਲ ਬਰਾਡਵੇ ਵਿਖੇ ਹਰਮੇਸ਼ ਭਾਰ ਸਿੰਘ ਪੁਰੀ, ਸਾਬਕਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ (ਪੰਜਾਬ) ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪੰਜਾਬ ਚੋਣਾਂ ਮਿਸ਼ਨ 2017 ਬਾਰੇ ਵਿਚਾਰਾਂ ਹੋਈਆਂ। ਇਸ ਦਰਮਿਆਨ ਸਾਰੇ ਸਾਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਨਿਊਯਾਂਰਕ ਵਿਚ ਵੀ ਬਸਪਾ ਸਮਰਥਕ ਯੂਨਿਟ ਬਣਾਇਆ ਜਾਵੇ। ਇਸ ਦਰਮਿਆਨ ਯੂਨਿਟ ਆਗੂ ਚੁਣੇ ਗਏ, ਜਿਹਨਾਂ ਵਿਚ ਪਰਮਜੀਤ ਸਿੰਘ ਭੁੱਖੜੀ ਯੂਨਿਟ, ਸ. ਗੁਰਦਿਆਲ ਸਿੰਘ ਜੱਬੋਵਾਲ ਯੂਨਿਟ ਚੇਅਰਮੈਨ, ਪ੍ਰਧਾਨ ਹਰਬਲਾਸ ਲਾਲੀ (ਬਾਠਾਂ ਵਾਲੇ), ਸੀਨੀਅਰ ਮੀਤ ਪ੍ਰਧਾਨ ਸ੍ਰੀ ਸੋਢੀ ਬੈਂਸ, ਮੀਤ ਪ੍ਰਧਾਨ ਸਰਮੀਤ ਸਹੋਤਾ, ਜਨਰਲ ਸਕੱਤਰ ਸ੍ਰੀ ਹਰਜਿੰਦਰ ਕੁਮਾਰ (ਖੋਥੜਾਂ, ਫਗਵਾੜਾ), ਜੁਆਇੰਟ ਸਕੱਤਰ ਸ੍ਰੀ ਪ੍ਰਿਥੀ ਪਾਲ (ਰਾਮ ਨਗਰ ਜਲੰਧਰ), ਕੈਸ਼ੀਅਰ ਸ੍ਰੀ ਕਿਰਪਾਲ ਸਿੰਘ ਭੋਗਪੁਰ, ਜੁਆਇੰਟ ਕੈਸ਼ੀਅਰ ਸ੍ਰੀ ਵਿਜੈ ਕੁਮਾਰ ਘੇੜਾ, ਕਾਰਜਕਾਰੀ ਕਮੇਟੀ ਮੈਂਬਰ ਸ੍ਰੀ ਜਤਿੰਦਰ ਕੁਮਾਰ ਅਤੇ ਸ੍ਰੀ ਸੰਤੋਖ ਬੰਗੇ ਨੂੰ ਚੁਣਿਆ ਗਿਆ।

ਮੀਟਿੰਗ ਦਰਮਿਆਨ ਵੱਖ ਵੱਖ ਆਗੂਆਂ ਨੇ ਸੰਬੋਧਨ ਕੀਤਾ। ਹਰਕੇਸ਼ ਸਿੰਘ ਭਾਗਸਿੰਘਪੁਰੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਕਹਿੰਦਾ ਹੈ ਕਿ ਮੇਰੀ ਪਾਰਟੀ ਆਮ ਆਦਮੀ ਦੀ ਪਾਰਟੀ ਹੈ, ਜਦਕਿ ਇਸ ਪਾਰਟੀ ਨੇ ਹੁਣ ਟਿਕਟਾਂ ਦੀ ਵੰਡ ਵੇਲੇ ਦੂਜੀਆਂ ਪਾਰਟੀਆਂ ਦੇ ਭ੍ਰਿਸ਼ਟ ਆਗੂਆਂ ਨੂੰ ਹੀ ਟਿਕਟਾਂ ਦੇ ਦਿੱਤੀਆਂ ਹਨ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ, ਬੇਗਮਪੁਰਾ ਕਲਚਰਲ ਸੁਸਾਇਟੀ ਨਿਊਯਾਰਕ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸਭਾ, ਮਹਾਂਰਿਸ਼ੀ ਵਾਲਮੀਕ ਸਭਾ ਤੇ ਪੂਰਾ ਬਹੁਜਨ ਸਮਾਜ ਹਾਜ਼ਰ ਸੀ। ਇਸ ਦਰਮਿਆਨ ਹਾਜ਼ਰ ਮੈਂਬਰਾਂ ਨੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।

-----

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ
ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ
ਅਮਰ ਕੋਰਸ®
ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ
ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**

ਵੈਦ ਅਮਰਜੀਤ ਅਮਰ
ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ
ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਜਉ ਤਉ ਪ੍ਰੇਮ ਖੇਲਨ ਕਾ ਚਾਉ,
ਸਿਰੁ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰ ਧਰੀਜੈ,
ਸਿਰੁ ਦੀਜੈ ਕਾਣਿ ਨ ਕੀਜੈ

**ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ**
**350ਵੇਂ ਪ੍ਰਕਾਸ਼ ਦਿਹਾੜੇ ਅਤੇ**
**ਨਵੇਂ ਸਾਲ ਦੀਆਂ ਸਮੂਹ ਸਿੱਖ ਸੰਗਤ**
**ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ**
**ਅਤੇ ਸ਼ਰਧਾਵਾਨ ਸਿੱਖ ਕੌਮ ਨੂੰ ਲੱਖ-ਲੱਖ ਵਧਾਈ**


ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਭਗਵਾਨ ਵਾਲਮੀਕ ਟੈਂਪਲ ਵਿਖੇ ਨਵਾਂ ਸਾਲ ਖ਼ੁਸ਼ੀਆਂ ਅਤੇ ਉਤਸ਼ਾਹ ਨਾਲ ਮਨਾਇਆ



**ਯੂਬਾ ਸਿਟੀ–** ਮਹਾਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਟੈਂਪਲ 84–86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਨਵਾਂ ਸਾਲ 2017 ਬਹੁਤ ਹੀ ਖ਼ੁਸ਼ੀਆਂ ਅਤੇ ਸ਼ਰਧਾ ਨਾਲ ਮਨਾਇਆ ਗਿਆ। ਸ ਭਤੋਂ ਪਹਿਲਾਂ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਅਰਦਾਸ ਤੇ ਆਰਤੀ ਕੀਤੀ ਗਈ, ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਪ੍ਰੋਗਰਾਮ ਦੇ ਸ਼ੁਰੂ ਵਿਚ ਸੰਤੋਖ ਸਿੰਘ ਗਿੱਲ ਵਾਈਸ ਪ੍ਰਧਾਨ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ), ਕੈਲੇਫੋਰਨੀਆ ਵੱਲੋਂ ਸਤਿਗੁਰੂ ਵਾਲਮੀਕ ਦੇ ਚਰਨਾਂ ਵਿਚ ਹਾਜ਼ਰੀਆਂ ਭਰਨ ਆਈਆਂ ਸੰਗਤਾਂ ਨੂੰ ਨਵੇਂ ਸਾਲ ਦੀ ਆਮਦ 'ਤੇ ਲੱਖ-ਲੱਖ ਵਧਾਈਆਂ ਦਿੱਤੀਆਂ ਅਤੇ ਸਤਿਗੁਰੂ ਵਾਲਮੀਕ ਭਗਵਾਨ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਨਵਾਂ ਸਾਲ 2017 ਪੂਰੀ ਦੁਨੀਆਂ ਲਈ ਖ਼ੁਸ਼ੀਆਂ-ਖੇੜੇ ਲੈ ਕੇ ਆਵੇ ਤੇ ਸਾਰੀ ਲੋਕਾਈ ਇਸ ਸਾਲ ਖ਼ੁਸ਼ੀਆਂ ਮਾਣੇ। ਕਿਸੇ ਵੀ ਵਿਅਕਤੀ ਨੂੰ ਦੁੱਖ ਦੀ ਘੜੀ ਦੇਖਣੀ ਨਸੀਬ ਨਾ ਹੋਵੇ। ਇਹਨਾਂ ਤੋਂ ਇਲਾਵਾ ਸਭਾ ਦੇ ਕਲਾਕਾਰਾਂ ਭੁਪਿੰਦਰ ਭਿੰਦਾ, ਦੇਸ ਰਾਜ ਸ਼ੁੱਭ ਤੇ ਸਵਰਨੀ ਭੰਗਾਣੀ ਵੱਲੋਂ ਭਗਵਾਨ ਵਾਲਮੀਕ ਜੀ ਦੇ ਸ਼ਬਦ ਗਾਏ ਤੇ ਸਾਰੀ ਲੋਕਾਈ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਗਈ। ਸੈਕਰਾਮੈਂਟੋ ਤੋਂ ਬਲਵੀਰ ਥਾਪਰ, ਗੁਰਪਾਲ ਸਿੰਘ, ਕਿਰਨ ਗਿੱਲ ਤੇ ਪਰਿਵਾਰ ਸਮੇਤ ਹਾਜ਼ਰੀਆਂ ਭਰੀਆਂ ਗਈਆਂ। ਪ੍ਰੋਗਰਾਮ ਦੇ ਅੰਤ ਵਿਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਵੱਲੋਂ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ ਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਪ੍ਰਧਾਨ ਪ੍ਰੇਮ ਸੌਂਧੀ ਵੱਲੋਂ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਕਿ 13 ਜਨਵਰੀ 2017 ਨੂੰ ਸ਼ਾਮ 7 ਵਜੇ ਤੋਂ ਲੈ ਕੇ 10 ਵਜੇ ਤੱਕ ਲੋਹੜੀ ਦਾ ਸ਼ੁਭ ਦਿਹਾੜਾ ਮਨਾਇਆ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਲੋਹੜੀ ਦੇ ਸ਼ੁਭ ਦਿਹਾੜੇ ਤੇ ਸ਼ਾਮ ਨੂੰ 7 ਤੋਂ 10 ਵਜੇ ਤੱਕ ਗੁਰੂ ਘਰ ਵਿਖੇ ਹਾਜ਼ਰੀਆਂ ਭਰਨ ਜੀ।













ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖ਼ੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।



ਦਿਆਲ ਰਾਮ ਨਰ (ਸਰਪੰਚ) ਜੱਦੀ ਪਿੰਡ: ਗੜ੍ਹਾ (ਫਿਲੌਰ), ਆਪਣੇ ਪਰਿਵਾਰਕ ਮੈਂਬਰਾਂ ਨਾਲ



ਸ੍ਰੀ ਆਗਿਆ ਰਾਮ ਚੰਦੜ ਅਤੇ ਸ੍ਰੀਮਤੀ ਸੱਤਿਆਦੇਵੀ ਚੰਦੜ ਜੀ ਆਪਣੇ ਪੋਤਿਆਂ ਜੋਵਨ ਚੰਦੜ ਅਤੇ ਜੇਡਨ ਚੰਦੜ (ਸਪੁੱਤਰ ਸ੍ਰੀ ਦਲਜੀਤ ਕੁਮਾਰ ਤਾਜ਼ਪੁਰੀ ਅਤੇ ਸ੍ਰੀਮਤੀ ਬਲਜੀਤ ਕੌਰ) ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 6 ਜਨਵਰੀ 2017 ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਜਾਣਗੇ ਅਤੇ 8 ਜਨਵਰੀ 2017 (ਦਿਨ ਐਤਵਾਰ) ਨੂੰ ਪਾਠ ਦੇ ਭੋਗ ਪਾਏ ਜਾਣਗੇ। ਇਸ ਸ਼ੁਭ ਮੌਕੇ ਤੇ ਸਮੂਹ ਚੰਦੜ ਪਰਿਵਾਰ ਵੱਲੋਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਸਤਿਗੁਰਾਂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਅਤੇ ਚੰਦੜ ਪਰਿਵਾਰ ਨੂੰ ਧੰਨਵਾਦੀ ਬਣਾਓ ਜੀ।

ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।



ਸ੍ਰੀ ਆਗਿਆ ਰਾਮ ਚੰਦੜ, ਸ੍ਰੀਮਤੀ ਸੱਤਿਆਦੇਵੀ ਚੰਦੜ ਆਪਣੇ ਪੋਤਿਆਂ ਜੋਵਨ ਚੰਦੜ ਅਤੇ ਜੇਡਨ ਚੰਦੜ (ਸਪੁੱਤਰ ਸ੍ਰੀ ਦਲਜੀਤ ਕੁਮਾਰ ਤਾਜ਼ਪੁਰੀ ਅਤੇ ਸ੍ਰੀਮਤੀ ਬਲਜੀਤ ਕੌਰ) ਅਤੇ ਸਮੂਹ ਚੰਦੜ ਪਰਿਵਾਰ








ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।

# ਰਾਕੇਸ਼ ਚੰਦਰ ਅਤੇ ਸਮੂਹ ਚੰਦਰ ਪਰਿਵਾਰ



ਰਾਕੇਸ਼ ਚੰਦਰ ਅਤੇ ਉਹਨਾਂ ਦੀ ਧਰਮ-ਪਤਨੀ ਸ੍ਰੀਮਤੀ ਚੰਦਰ

# ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਤੇ ਵਿਸ਼ਾਲ ਨਗਰ ਕੀਰਤਨ ਸਬੰਧਤ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ

**ਸੈਕਰਾਮੈਂਟੋ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸ੍ਰੀ ਸੁੱਖ ਰਾਮ ਚੰਦੜ ਤਾਜਪੁਰੀ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਮਹਿੰਦਰ ਕੌਰ ਚੰਦੜ ਅਤੇ ਸਮੂਹ ਚੰਦੜ ਪਰਿਵਾਰ ਵੱਲੋਂ ਸਮੂਹ ਪਰਿਵਾਰ ਦੀ ਖੁਸ਼ਹਾਲੀ ਲਈ ਰਖਵਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ 31 ਦਸੰਬਰ ਦਿਨ ਸਨਿਚਰਵਾਰ ਨੂੰ ਪਾਏ ਗਏ। ਸ੍ਰੀ ਅਖੰਡ ਪਾਠ ਸਾਹਿਬ 29 ਦਸੰਬਰ ਨੂੰ ਪ੍ਰਾਰੰਭ ਹੋਏ ਸਨ। ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਦਿਆਂ ਇਸ ਮੌਕੇ ਗੁਰੂ ਘਰ ਦਾ ਰਾਗੀ ਜਥਾ ਭਾਈ ਨਿਰਮਲ ਸਿੰਘ, ਭਾਈ ਜਸਪਾਲ ਸਿੰਘ ਤੋਂ ਇਲਾਵਾ ਹੋਰ ਜਥਿਆਂ ਨੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਨਿਰਮਲ ਸਿੰਘ ਨੇ ਚੰਦੜ ਪਰਿਵਾਰ ਦੀ ਤੰਦਰੁਸਤੀ, ਖੁਸ਼ਹਾਲੀ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਇਸ ਮੌਕੇ ਪਰਿਵਾਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਪਹੁੰਚੀ ਸੰਗਤ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਸਰਬਣ ਕੀਤਾ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਿਆ।







ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)








ਸੁੱਖ ਰਾਮ ਚੰਦੜ ਆਪਣੀ ਧਰਮ ਪਤਨੀ ਮੋਹਿੰਦਰ ਕੌਰ ਨਾਲ



ਨੀਰਜ ਕੁਮਾਰ ਚੰਦੜ ਆਪਣੀ ਧਰਮ ਪਤਨੀ ਪਰਮਜੀਤ ਕੌਰ ਚੰਦੜ ਆਪਣੀ ਬੇਟੀ ਰਬਨੀਤ ਕੌਰ ਚੰਦੜ ਅਤੇ ਬੇਟਾ ਇਸ਼ਾਨ ਚੰਦੜ ਨਾਲ

# ਰੱਲ੍ਹ ਪਰਿਵਾਰ ਵੱਲੋਂ ਪਰਿਵਾਰਕ ਤੰਦਰੁਸਤੀ, ਖੁਸ਼ਹਾਲੀ ਲਈ ਅਖੰਡ ਪਾਠ ਸਾਹਿਬ ਕਰਵਾਏ

**ਸੈਕਰਾਮੈਂਟੋ–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਬਲਵਿੰਦਰ ਰੱਲ੍ਹ ਨੇ ਆਪਣੀ ਸੁਪਤਨੀ ਸ੍ਰੀਮਤੀ ਬਲਜੀਤ ਕੌਰ ਰੱਲ੍ਹ ਦੀ ਤੰਦਰੁਸਤੀ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ 30 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਅਖੰਡ ਪਾਠ ਸਾਹਿਬ ਰਖਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 1 ਜਨਵਰੀ 2017 ਦਿਨ ਐਤਵਾਰ ਨੂੰ ਪਾਏ ਗਏ।

ਇਸ ਮੌਕੇ 31 ਦਸੰਬਰ ਨੂੰ ਨਵੇਂ ਸਾਲ ਦੀ ਪੂਰਬ ਸੰਧਿਆ ਤੇ ਰਸ ਭਿੰਨਾ ਨਗਰ ਕੀਰਤਨ ਅਤੇ ਅਰਦਾਸ ਕੀਤੀ ਗਈ। ਗੁਰੂ ਘਰ ਵੱਲੋਂ ਬੀਬੀ ਬਲਜੀਤ ਕੌਰ ਰੱਲ੍ਹ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਨਵੇਂ ਸਾਲ ਦੇ ਮੌਕੇ ਤੇ 31 ਦਸੰਬਰ ਸ਼ਨਿਚਰਵਾਰ ਨੂੰ ਸ਼ਾਮ ਦੇ ਦੀਵਾਨ ਸਜਾਏ ਗਏ ਗੁਰੂ ਘਰ ਵੱਲੋਂ ਸਜਾਏ ਗਏ।

ਜਿਸ ਦੌਰਾਨ ਗੁਰੂ ਘਰ ਦਾ ਜਥਾ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਅਤੇ ਭਾਈ ਦਲਜੀਤ ਸਿੰਘ ਨੇ ਰਸ ਭਿੰਨਾ ਸ਼ਬਦ ਗਾਇਨ ਕੀਤਾ। ਇਹਨਾਂ ਤੋਂ ਇਲਾਵਾ ਭਾਈ ਜਸਵੀਰ ਸਿੰਘ ਖਾਲਸਾ (ਦਰਬਾਰ ਸਾਹਿਬ ਵਾਲੇ) ਜਥੇ ਨੇ ਨਵੇਂ ਸਾਲ ਦੀ ਅਰਦਾਸ ਕੀਤੀ ਅਤੇ ਰਸ ਭਿੰਨਾ ਸ਼ਬਦ ਗਾਇਨ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤ

-------

















ਹਮ ਏਹ ਕਾਜ ਜਗਤ ਮੋ ਆਏ।। ਧਰਮ ਹੇਤ ਗੁਰਦੇਵ ਪਠਾਏ।।
ਜਹਾਂ ਤਹਾਂ ਤੁਮ ਧਰਮ ਬਿਥਾਰੋ।। ਦੁਸਟ ਦੋਖੀਯਨਿ ਪਕਰਿ ਪਛਾਰੋ।।
ਯਾਹੀ ਕਾਜ ਧਰਾ ਹਮ ਜਨਮੰ।। ਸਮਝਿ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।। ਦੁਸਟ ਸਭਨ ਕੋ ਮੂਲ ਉਪਾਰਨ।

## ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀਆਂ ਸਮੂਹ ਸਿੱਖ ਸੰਗਤ ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਅਤੇ ਸ਼ਰਧਾਵਾਨ ਸਿੱਖ ਕੌਮ ਨੂੰ ਲੱਖ-ਲੱਖ ਵਧਾਈ



Late
Sh. Lahori Ram
Comissioner



ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ



# ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ






ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।

# ਮਨਜੀਤ ਕੁਮਾਰ ਭਾਰਦਵਾਜ ਅਤੇ ਸਮੂਹ ਭਾਰਦਵਾਜ ਪਰਿਵਾਰ


ਮਨਜੀਤ ਭਾਰਦਵਾਜ ਆਪਣੇ ਪਰਿਵਾਰ ਸਮੇਤ









ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।

# ਸ੍ਰੀ ਦਲਜੀਤ ਜੱਸਲ ਅਤੇ ਸਮੂਹ ਜੱਸਲ ਪਰਿਵਾਰ


ਸ੍ਰੀ ਦਲਜੀਤ ਜੱਸਲ ਆਪਣੇ ਸਮੂਹ ਜੱਸਲ ਪਰਿਵਾਰ ਨਾਲ

## ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ।।
## ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।।

ਦਸਮ ਪਾਤਸ਼ਾਹ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ
ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀਆਂ
ਸਮੂਹ ਸਿੱਖ ਸੰਗਤ ਅਤੇ ਦੇਸ਼-ਵਿਦੇਸ਼ ਵਿਚ
ਵੱਸਦੀ ਕੁੱਲ ਲੋਕਾਈ ਅਤੇ ਸ਼ਰਧਾਵਾਨ
ਸਿੱਖ ਕੌਮ ਨੂੰ ਲੱਖ-ਲੱਖ ਵਧਾਈ।








# Baba Deep Singh Welfare Society USA

# ਦਸਤਾਰ ਦਾ ਮਹੱਤਵ



ਮੇਜਰ ਸਿੰਘ ਨਾਭਾ
91-94635-53962

ਦਸਤਾਰ ਦਾ ਮਹੱਤਵ ਸਿੱਖਾਂ ਲਈ ਅਹਿਮ ਹੈ ਜੋ ਕਿ ਸਿੱਖ ਪਹਿਚਾਣ ਦਾ ਮੁੱਖ ਪ੍ਰਤੀਕ ਹੈ। ਸਾਡੇ ਸਮਾਜ ਵਿਚ ਵੀ ਦਸਤਾਰ (ਪਗੜੀ) ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪੱਗ ਨੂੰ ਇੱਜ਼ਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਤਾਹੀਓਂ ਤਾਂ 'ਪੱਗ ਰੱਖਣੀ' ਭਾਵ ਲਾਜ ਰੱਖਣਾ 'ਪੱਗ ਨੂੰ ਦਾਗ਼ ਲੱਗਣਾ' ਭਾਵ ਇੱਜਤ ਨੂੰ ਆਂਚ ਆਉਣਾ ਆਦਿ ਮੁਹਾਵਰਿਆਂ ਦੇ ਰੂਪ ਵਿਚ ਸਾਡੇ ਸਮਾਜ ਵਿਚ ਆਮ ਪੱਗ ਲਈ ਵਰਤੇ ਜਾਂਦੇ ਹਨ। ਸਿੱਖ ਬੱਚਿਆਂ ਦੇ ਸਕੂਲਾਂ ਵਿਚ ਦਸਤਾਰ ਸਜਾ ਕੇ ਜਾਣ 'ਤੇ ਕਈ ਦੇਸ਼ਾਂ 'ਚ ਜਾਣ ਤੇ ਪਾਬੰਦੀ ਲਾਉਣ ਨਾਲ ਇਹ ਮਸਲਾ ਅੱਜ ਅੰਤਰਰਾਸ਼ਟਰੀ ਪੱਧਰ 'ਤੇ ਵਿਚਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜੋ ਕਿ ਸਿੱਖਾਂ ਲਈ ਇਕ ਚੁਣੌਤੀ ਅਤੇ ਚਿੰਤਾ ਭਰਿਆ ਵਿਸ਼ਾ ਹੈ। ਇਸ ਮਸਲੇ ਦੇ ਸੰਬੰਧ 'ਚ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਦਾ ਆਪਣੀ ਸਰਕਾਰ ਅਤੇ ਵਿਦੇਸ਼ੀ ਸਰਕਾਰਾਂ ਨਾਲ ਰਾਬਤਾ ਬਣਾਇਆ ਹੋਇਆ ਹੈ।

ਸਰਦਾਰੀ ਦਾ ਖਿਤਾਬ ਸਿਰ 'ਤੇ ਦਸਤਾਰ ਸਜਾਉਣ ਵਾਲੇ ਨੂੰ ਹੀ ਮਿਲਦਾ ਹੈ। ਪਰ ਅੱਜ ਦੇ ਸਿੱਖ ਨੌਜਵਾਨ ਸਰਦਾਰੀ ਨੂੰ ਛੱਡ ਕੇ ਭਈਏ ਬਣਦੇ ਜਾ ਰਹੇ ਹਨ। ਉਹ ਸਿੰਘਾਂ ਦੀਆਂ ਕੇਸਾਂ ਲਈ ਦਿੱਤੀਆਂ ਕੁਰਬਾਨੀਆਂ ਨੂੰ ਭੁੱਲਦੇ ਜਾ ਰਹੇ ਹਨ। ਪੰਜਾਬ ਅੰਦਰ ਸ਼ਹਿਰੀ ਖੇਤਰ ਨਾਲੋਂ ਪੇਂਡੂ ਖੇਤਰ ਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਮਾਨਸਿਕਤਾ ਪੱਗ ਨਾਲੋਂ ਜਿਆਦਾ ਟੁੱਟਦੀ ਜਾ ਰਹੀ ਹੈ। ਮੈਨੂੰ ਯਾਦ ਹੈ, ਤਿੰਨ ਦਹਾਕੇ ਪਹਿਲਾਂ 1974 'ਚ ਮੈਂ ਆਪਣੇ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਜਦੋਂ ਦਸਵੀਂ ਸ਼੍ਰੇਣੀ ਵਿਚ ਪੜ੍ਹਦਾ ਸੀ ਤਾਂ ਸਾਡੀ ਸ਼੍ਰੇਣੀ ਦੇ 43 ਮੁੰਡਿਆਂ 'ਚੋਂ ਸਿਰਫ ਪੰਜ ਮੁੰਡਿਆਂ ਦੇ ਪੱਗ ਨਹੀਂ ਸਜਾਈ ਹੋਈ ਸੀ ਜੋ ਕਿ ਬਾਣੀਆਂ ਅਤੇ ਪੰਡਤਾਂ ਦੇ ਮੁੰਡੇ ਸੀ। ਬਾਕੀ ਮੁੰਡਿਆਂ 'ਚ ਦੋ ਪੰਡਤਾਂ ਦੇ ਮੁੰਡੇ ਵੀ ਪੱਗ ਬੰਨਦੇ ਸੀ ਜੋ ਅੱਜ ਵੀ ਬੰਨ੍ਹਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੇ ਭਾਵੇਂ ਛੋਟੀ ਉਮਰੇ ਕੇਸਾਂ ਦੀ ਲਾਜ ਖਾਤਰ ਆਪਣੀਆਂ ਅਨਮੋਲ ਜਿੰਦੜੀਆਂ ਵਾਰ ਦਿੱਤੀਆਂ ਪਰ ਅੱਜ ਸਾਡੇ ਸਰਦਾਰਾਂ ਦੇ ਬੱਚੇ ਨਾਈਆਂ ਅੱਗੇ ਬੜੇ ਚਾਅ ਨਾਲ ਬੈਠ ਕੇ ਆਪਣੇ ਕੇਸ ਕਤਲ ਕਰਵਾ ਰਹੇ ਹਨ। ਅੱਜ ਭਾਵੇਂ ਸਿੱਖੀ ਦੇ ਪ੍ਰਚਾਰ ਕਰਨ ਦੇ ਕਈ ਤਰ੍ਹਾਂ ਨਾਲ ਉਪਰਾਲੇ ਕੀਤੇ ਜਾ ਰਹੇ ਹਨ।

ਪਰ ਬੜੇ ਅਫਸੋਸ ਦੀ ਗੱਲ ਹੈ ਆਬਾਦੀ ਦੇ ਅਨੁਪਾਤ ਅਨੁਸਾਰ ਬੱਚਿਆਂ ਦੇ ਕੇਸ ਕਤਲ ਕਰਵਾਉਣ ਦਾ ਰੁਝਾਣ ਮਾਪਿਆਂ ਅੰਦਰ ਵਧਦਾ ਜਾ ਰਿਹਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਸਿੱਖੀ ਸਰੂਪ ਘਟਦਾ ਜਾ ਰਿਹਾ ਹੈ। ਭਾਵੇਂ ਕਿਸੇ ਹੱਦ ਤੱਕ ਬੱਚਾ ਖੁਦ ਵੀ ਕੇਸ ਕਟਵਾਉਣ ਲਈ ਅੱਜ ਦੇ ਸਭਿਆਚਾਰ ਅਨੁਸਾਰ ਜਿੱਦ ਕਰਦਾ ਹੈ ਪਰ ਬੱਚਿਆਂ ਦੇ ਕੇਸ ਕਟਵਾਉਣ ਲਈ ਮਾਵਾਂ ਦਾ ਵੀ ਅਹਿਮ ਰੋਲ ਹੈ।

ਬੱਚੇ ਜਨਮ ਲੈਣ ਤੋਂ ਬਾਅਦ ਮਾਂ ਦੇ ਦੁੱਧ ਨਾਲ ਹੀ ਸਿੱਖਿਆ ਗ੍ਰਹਿਣ ਕਰਨੀ ਸ਼ੁਰੂ ਕਰ ਦਿੰਦਾ ਹੈ। ਪਹਿਲਾਂ ਪਹਿਲਾਂ ਪਰਿਵਾਰਿਕ ਮੈਂਬਰਾਂ ਦੀ ਰੀਸੋ ਰੀਸ ਸਿੱਖਣਾ ਸ਼ੁਰੂ ਕਰਦਾ ਹੈ ਤੇ ਉਸ ਤੋਂ ਬਾਅਦ ਆਪਣੇ ਆਂਢ-ਗੁਆਂਢ ਤੇ ਫਿਰ ਸਮਾਜ ਪਾਸੋਂ ਜੀਵਨ ਜਾਚ ਸਿੱਖਦਾ ਹੈ। ਇਸ ਤਰ੍ਹਾਂ ਪਹਿਲੀ ਸਟੇਜ ਤੇ ਸਿੱਖਿਆ ਪ੍ਰਾਪਤ ਕਰੇਗਾ ਅਗਰ ਦੂਜੀ ਤੇ ਤੀਜੀ ਸਟੇਜ ਤੇ ਵੀ ਉਹੋ ਜਿਹੀ ਸਿੱਖਿਆ ਬੱਚੇ ਨੂੰ ਮਿਲ ਜਾਵੇ ਤਾਂ ਉਹ ਕਿਸੇ ਹੱਦ ਤੱਕ ਉਸ ਵਿਚ ਪਰਪੱਕ ਹੋ ਜਾਵੇਗਾ। ਉਸ ਦੇ ਵਿਚਾਰ ਠੋਸ ਬਣ ਜਾਣਗੇ।

ਸਮੇਂ ਦੀ ਲੋੜ ਹੈ ਬੱਚਿਆਂ ਦੇ ਮਨਾਂ ਅੰਦਰ ਦਸਤਾਰ ਦਾ ਮਹੱਤਵ ਸਾਡੇ ਵਿਰਸੇ ਦੀ ਪਹਿਚਾਣ ਨੂੰ ਵਸਾਉਣ ਦੀ। ਇਸ ਵਿਚ ਸਭ ਤੋਂ ਵੱਡਾ ਰੋਲ ਮਾਂ ਦਾ ਜਾਪਦਾ ਹੈ ਜਦੋਂ ਬੱਚੇ ਦੇ ਕੇਸ ਸੰਵਾਰਨ ਤੇ ਬੱਚਾ ਰੋਂਦਾ ਹੈ ਤਾਂ ਮਾਂ ਨੂੰ ਸਬਰ, ਸਹਿਣਸ਼ੀਲਤਾ ਨਾਲ ਉਸ ਨੂੰ ਵਰਾਉਣਾ ਚਾਹੀਦਾ ਹੈ ਕਈ ਮਾਂਵਾਂ ਤਾਂ ਬੱਚੇ ਦੇ ਕੇਸ ਸੰਵਾਰਨ ਤੋਂ ਅੱਕ ਕੇ ਹੀ ਨਾਈ ਦੇ ਪਾਸ ਭੇਜ ਕੇ ਬੱਚੇ ਨੂੰ ਸੰਭਾਲਣ ਜਿੰਮੇਵਾਰੀ ਤੋਂ ਮਾਂਵਾਂ ਵੀ ਮੁਕਤੀ ਪ੍ਰਾਪਤ ਕਰਨਾ ਚਾਹੁੰਦੀਆਂ ਹਨ।

ਜਦੋਂ ਮਾਂਵਾਂ ਹੀ ਬਿਊਟੀ ਪਾਰਲਰ ਵਿਚ ਜਾਂਦੀਆਂ ਹੋਣ ਤਾਂ ਕੀ ਉਹ ਬੱਚਿਆਂ ਲਈ ਸਿੱਖੀ ਸਰੂਪ ਚਾਹੁੰਦੀਆਂ ਹਨ। ਬੱਚਿਆਂ ਲਈ ਦਸਤਾਰਬੰਦੀ ਮੁਕਾਬਲੇ ਕਰਨ ਦਾ ਵਧੀਆ ਰੁਝਾਨ ਕਈ ਸੰਸਥਾਵਾਂ ਨੇ ਆਰੰਭਿਆ ਹੈ ਜਿਹਨਾਂ ਦੀ ਸਰਾਹੁਣਾ ਕਰਨੀ ਬਣਦੀ ਹੈ। ਇਸੇ ਤਰ੍ਹਾਂ ਹੀ ਅਕਾਲ ਤਖ਼ਤ ਸਾਹਿਬ ਤੇ ਦਸਤਾਰਬੰਦੀ ਕਰਨ ਦੇ ਕਈ ਸੰਸਥਾਵਾਂ ਵਲੋਂ ਉਪਰਾਲੇ ਕੀਤੇ ਜਾ ਰਹੇ ਹਨ। ਬਾਹਰਲੇ ਦੇਸ਼ਾਂ 'ਚ ਵੀ ਇਹ ਮੁਕਾਬਲੇ ਕਰਵਾਏ ਜਾ ਰਹੇ ਹਨ। ਸਾਡੇ ਬੱਚਿਆਂ ਸਾਹਮਣੇ ਮਾਡਲ ਪੇਸ਼ ਕਰਨੇ ਸਾਡੇ ਸਿੱਖ ਪ੍ਰਚਾਰਕਾਂ, ਸੰਸਥਾਵਾਂ ਦਾ ਉਦੇਸ਼ ਹੋਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਵੀ ਚਾਹੀਦਾ ਹੈ ਬੱਚਿਆਂ ਨੂੰ ਸਿੱਖੀ ਸਰੂਪ ਨਾਲ ਪ੍ਰੇਰਨਾ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ।

ਦਸਤਾਰ ਸਜਾਉਣ ਲਈ ਕੇਂਦਰ ਸਥਾਪਿਤ ਕਰਨੇ, ਮੁਕਾਬਲੇ ਕਰਾਉਣੇ ਤਾਂ ਜੋ ਬੱਚੇ ਅੰਦਰ ਦਸਤਾਰ ਨੂੰ ਸਜਾਉਣ ਦਾ ਸ਼ੌਕ ਪੈਦਾ ਹੋ ਸਕੇ। ਉਚਿਤ ਇਨਾਮ ਸਨਮਾਨ ਦਿੱਤੇ ਜਾਣ। ਸੋ ਖਾਲਸੇ ਦੇ ਜਨਮ ਦਿਹਾੜੇ ਤੇ ਵਿਸ਼ੇਸ਼ ਤੌਰ ਤੇ ਦਸਤਾਰਬੰਦੀ ਮੁਕਾਬਲੇ ਕਰਵਾ ਕੇ ਸੰਸਾਰ ਪੱਧਰ ਤੇ ਇਸ ਮੁੱਦੇ ਨੂੰ ਲਿਜਾਇਆ ਜਾਵੇ। ਸਿੱਖ ਧਰਮ ਦੇ ਪ੍ਰਚਾਰ ਲਈ ਬੱਚਿਆਂ ਨੂੰ ਮੋਹਰੀ ਬਣਾ ਕੇ ਪ੍ਰੋਗਰਾਮ ਉਲੀਕੇ ਜਾਣ ਜਿਵੇਂ ਧਾਰਮਿਕ, ਵਿਦਿਅਕ ਮੁਕਾਬਲੇ, ਪਟਕੇ, ਦਸਤਾਰ ਸਜਾਉਣ ਦੇ ਮੁਕਾਬਲੇ ਆਦਿ ਕਰਵਾਏ ਜਾਣ, ਲੋੜ ਕੇਬਲ, ਟੀ.ਵੀ. ਚੈਨਲਾਂ ਤੇ ਸਿੱਖੀ ਕਿਰਦਾਰ ਵਾਲੇ ਸੀਰੀਅਲ ਪੇਸ਼ ਕਰਨ ਦੀ। ਸਿੱਖੀ ਦਾ ਆਪਣਾ ਚੈਨਲ ਹੋਣਾ ਚਾਹੀਦਾ ਹੈ ਜਿਹੜਾ ਕਿ ਸਿੱਖ ਬੱਚਿਆਂ ਵੱਲੋਂ ਰੋਮਾਂਟਿਕ, ਧਾਰਮਿਕ, ਵਿਦਿਅਕ ਦੂਜੇ ਚੈਨਲਾਂ ਦੇ ਮੁਕਾਬਲੇ ਪ੍ਰੋਗਰਾਮ ਪੇਸ਼ ਕਰੇ ਤਾਂ ਕਿ ਸਿੱਖੀ ਦੀ ਹੋਂਦ ਨੂੰ ਬਰਕਰਾਰ ਰੱਖਿਆ ਜਾਵੇ। ਸਾਡੇ ਸਿੱਖ ਨੇਤਾਵਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸਲੀ ਗੁਰਸਿੱਖ ਕਿੰਨੇ ਕੁ ਹਨ। ਸਿਰਫ ਦਾੜ੍ਹੀ ਕੇਸ ਵਾਲਾ ਹੀ ਸਿੱਖ ਸਮਝ ਲਿਆ ਜਾਂਦਾ ਹੈ ਪਰ ਅੱਜ ਅਸੀਂ ਜਦੋਂ ਇਹੋ ਜਿਹੇ ਸਰੂਪ ਵਾਲੇ ਨੂੰ ਬੀੜੀ ਪੀਂਦੇ ਤੇ ਜਰਦਾ ਮਲਦੇ ਦੇਖਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿਉਂ ਨਾਂ ਇਹ ਲੋਕ ਵੀ ਵਾਲ ਕਟਵਾ ਲੈਂਦੇ, ਘੱਟੋ ਘੱਟ ਸਿੱਖੀ ਸਰੂਪ ਨੂੰ ਦਾਹ ਤਾਂ ਨਹੀਂ ਲੱਗਦੀ। ਇਸ ਲਈ ਸਾਨੂੰ ਸਿੱਖੀ ਤੇ ਮਾਣ ਕਰਨ ਵੇਲੇ ਇਹਨਾਂ ਲੋਕਾਂ ਬਾਰੇ ਸੋਚਣ ਦੀ ਲੋੜ ਹੈ ਕਿ ਇਹ ਕਿਉਂ ਸਿੱਖੀ ਨਾਲੋਂ ਟੁੱਟਦੇ ਜਾ ਰਹੇ ਹਨ।

# ਜਿਨ੍ਹਾਂ ਦੇ ਨੈਣੀ ਨੀਲਾ ਥੋਥਾ?



ਤਰਲੋਚਨ ਸਿੰਘ 'ਦੁਪਾਲਪੁਰ'
(001-408-915-1268)

ਰਾਮਪੁਰਾ ਫੂਲ ਵਿਚ ਅਕਾਲੀ ਕਹਾਉਂਦੇ ਇਕ ਮੰਤਰੀ ਸ੍ਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਆਯੋਜਿਤ ਹੋਏ ਸਮਾਗਮ ਮੌਕੇ ਅਠਾਰਵੀਂ ਸਦੀ ਤੋਂ ਚੱਲੀ ਆ ਰਹੀ ਸਿੱਖ ਅਰਦਾਸ ਦੀ ਇਕ ਤਰ੍ਹਾਂ ਨਾਲ 'ਪੈਰੋਡੀ' ਬਣਾਈ ਗਈ। ਇਹ ਮੰਤਰੀ 'ਸ੍ਰੀ ਮਾਨ' ਭਾਵੇਂ ਉਸ ਪਾਰਟੀ ਦਾ ਹੀ ਹੈ, ਜੋ ਹੁਣ ਪੂਰਨ ਰੂਪ ਵਿਚ 'ਬਾਦਲ ਦਲ' ਬਣ ਚੁੱਕੀ ਹੋਈ ਹੈ। ਪਰ ਉਸ ਇਕੱਠ ਵਿਚ ਉਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰ (ਇਕ ਮੌਜੂਦਾ ਅਤੇ ਇਕ ਸਾਬਕਾ) ਵੀ ਖੜ੍ਹੇ ਸਨ, ਜੋ ਭਾਵੇਂ ਬਾਦਲ ਦਲ ਦੀ ਗੁਲਾਮੀ ਹੰਢਾ ਰਹੀ ਹੈ, ਪਰ ਦਾਅਵਾ ਸਿੱਖ ਰਹੁ-ਰੀਤਾਂ ਦੀ ਰਖਵਾਲੀ ਦਾ ਹੀ ਕਰਦੀ ਹੈ, ਉਹ ਦੋਵੇਂ ਮੈਂਬਰ ਵੀ 'ਗੁਰ ਕੀ ਨਿੰਦਾ' ਅਰਾਮ ਨਾਲ ਖੜ੍ਹੇ ਸੁਣਦੇ ਰਹੇ।

ਕੌਮੀ ਨਿਘਾਰ ਪ੍ਰਤੀ ਘੋਰ ਚਿੰਤਾ 'ਚ ਪਾਉਣ ਵਾਲੀ ਇਹ ਦੁਖਦਾਈ ਖਬਰ ਪੜ੍ਹ ਕੇ ਇਹਦੇ ਬਾਰੇ ਕੋਈ ਹੋਰ ਵਿਚਾਰ-ਵਟਾਂਦਰਾ ਕਰਨ ਲਈ ਮੈਂ ਪੰਜਾਬ ਰਹਿੰਦੇ ਇਕ ਗੁਰਮੁਖ ਪਿਆਰੇ ਨਾਲ ਗੱਲਬਾਤ ਕੀਤੀ। ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਇਹ ਮਿੱਤਰ ਹਾਲੇ ਸ਼ਹਿਰੋਂ ਹੋ ਕੇ ਘਰੇ ਵਾਪਸ ਆਇਆ ਹੀ ਸੀ। ਉਹ ਵੀ ਅਨੇਕਾਂ ਸਿੱਖਾਂ ਵਾਂਗ ਇਸੇ ਖਬਰ ਦਾ ਪੱਛਿਆ ਹੋਇਆ ਲੁੱਛ ਲੁੱਛ ਕਰ ਰਿਹਾ ਸੀ।

''ਵੀਰ ਜੀ, ਭਾਵੇਂ ਬਾਹਰੀ ਲਿਬਾਸ ਜਾਂ ਚਿਹਰਾ-ਮੋਹਰਾ ਸਾਡਾ ਸਿੱਖਾਂ ਵਾਲਾ ਹੀ ਹੈ, ਪਰ ਅੰਦਰੋਂ ਸਾਨੂੰ ਸਿੱਖੀ ਨਹੀਂ ਜ਼ਮੀਨ ਜਾਇਦਾਦ ਤੇ ਅਹੁਦੇ ਜ਼ਿਆਦਾ ਪਿਆਰੇ ਹਨ।

ਇੰਝ ਕਹਿ ਕੇ ਉਸਨੇ ਤਾਜ਼ੀ ਤਾਜ਼ੀ ਹੱਡ-ਬੀਤੀ ਸੁਣਾਈ। ਆਪਣੇ ਪਿੰਡੋਂ ਸ਼ਹਿਰ ਕਿਸੇ ਕੰਮ ਗਏ ਹੋਏ ਨੂੰ ਉਸਦਾ ਕੋਈ ਦੋਸਤ ਮਿਲ ਪਿਆ, ਜੋ ਕਿ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਦਾ ਸੱਜਾ-ਖੱਬਾ ਹੱਥ ਸਮਝਿਆ ਜਾਂਦਾ ਹੈ। ਸਰਦੀ ਜ਼ਿਆਦਾ ਹੋਣ ਕਾਰਨ ਦੋਵੇਂ ਜਣੇ ਇਕ ਹੋਟਲ ਵਿਚ ਚਾਹ ਪੀਣ ਲੱਗੇ। ਭਰੇ-ਭਿੱਜੇ ਪਏ ਮੇਰੇ ਮਿੱਤਰ ਨੇ ਫੋਨ ਕੱਢ ਕੇ ਉਸਨੂੰ 'ਮਲੂਕੇ ਦੀ ਕਾਮਯਾਬੀ ਲਈ ਹੁੰਦੀ ਅਰਦਾਸ' ਵਾਲੀ ਵੀਡੀਓ ਦਿਖਾਈ ਅਤੇ ਪੁੱਛਿਆ ਕਿ ਦੋ ਦਿਨ ਹੋ ਗਏ, ਇਸ ਨੂੰ 'ਵਾਇਰਲ' ਹੋਈ ਨੂੰ, ਸਾਡੇ ਹਲਕਾ ਮੈਂਬਰ ਸਾਹਿਬ ਦਾ ਇਹਦੇ ਵਿਰੋਧ ਬਾਰੇ ਕੋਈ ਪ੍ਰਤੀਕਰਮ ਹੈ? ਨਾਲ ਹੀ ਉਸਦਾ 'ਅੰਦਰ ਟਟੋਲਣ' ਲਈ ਮੇਰੇ ਜਾਣੂ ਨੇ ਉਸਨੂੰ ਵੀ ਪੁੱਛ ਲਿਆ ਕਿ ਤੁਹਾਨੂੰ ਆਪਣੀ ਪਾਰਟੀ ਦੇ ਆਗੂ ਦੀ ਇਸ ਕਰਤੂਤ ਉਤੇ ਗੁੱਸਾ ਤਾਂ ਆਇਆ ਹੀ ਹੋਊ?

ਰੋਣ-ਹਾਕਾ ਹੁੰਦਿਆਂ ਮੇਰੇ ਮਿੱਤਰ ਨੇ ਦੱਸਿਆ ਕਿ ਮੇਰਾ ਸਵਾਲ ਸੁਣ ਕੇ ਉਹ 'ਹੀਂ-ਹੀਂ-ਹੀਂ' ਕਰਦਾ ਉਠਿਆ ਤੇ ਉਪਰ ਦੀ ਪਹਿਨੀ ਹੋਈ ਸ੍ਰੀ ਸਾਹਿਬ ਦਾ ਗਾਤਰਾ ਸਵਾਰਦਾ ਹੋਇਆ ਬੋਲਿਆ- ''ਛੱਡੋ ਭਰਾ ਇਹ 'ਪੋਲੀਟੀਕਲ ਗੱਲਾਂ' ਤਾਂ ਚਲਦੀਆਂ ਰਹਿਣੀਆਂ, ਮੈਂ ਦਫਤਰੋਂ ਫਾਰਮ ਲੈ ਕੇ ਭਰਨਾ ਹੈ, ਮੋਟਰ ਦਾ ਕੁਨੈਕਸ਼ਨ ਲੈਣ ਲਈ। ਜਥੇਦਾਰ ਦੀ ਸਿਫਾਰਸ਼ ਪੁਆਈ ਹੋਈ ਐ, ਫੇ' ਚੋਣ ਜ਼ਾਬਤਾ ਲੱਗ ਜਾਣੈ, ਮੇਰਾ ਕੰਮ ਕਿਤੇ ਵਿਚਲੇ ਹੀ ਨਾ ਰਹਿ ਜਾਵੇ।''



ਦੂਸਰਾ ਕਿੱਸਾ ਬੜਾ ਪੁਰਾਣਾ ਹੈ। ਸਿਰਦਾਰ ਕਪੂਰ ਸਿੰਘ ਦਾ। ਸਿੱਖ-ਨਿਰੰਕਾਰੀ ਕਸ਼ੀਦਗੀ ਦਾ ਖੂਨ ਮੁੱਢ ਤਾਂ 1978 ਦੀ ਵਿਸਾਖੀ ਵਾਲੇ ਦਿਨ ਤੋਂ ਬੱਝਾ ਸੀ ਅਤੇ ਉਨ੍ਹਾਂ ਨਾਲ ਨਾ-ਮਿਲਵਰਤਨ ਬਾਰੇ ਹੁਕਮਨਾਮਾ ਵੀ ਇਸੇ ਵਰ੍ਹੇ ਜਾਰੀ ਹੋਇਆ। ਪਰ ਇਹ ਗੱਲ ਸ਼ਾਇਦ 1969 ਸੰਨ ਦੀ ਹੋਵੇ, ਜਦੋਂ ਸਿਰਦਾਰ ਕਪੂਰ ਸਿੰਘ ਨੇ ਪੰਜਾਬ ਅਸੈਂਬਲੀ ਦੀ ਚੋਣ ਲੜੀ ਸੀ। ਜ਼ਿਲ੍ਹਾ ਲੁਧਿਆਣਾ ਵਿਚ ਚੋਣ ਪ੍ਰਚਾਰ ਦੌਰਾਨ ਉਹ ਇਕ ਐਸੇ ਥਾਂ ਪਹੁੰਚ ਗਏ, ਜਿੱਥੇ ਨਿਰੰਕਾਰੀਆਂ ਦਾ ਕੋਈ ਸਮਾਗਮ ਚੱਲ ਰਿਹਾ ਸੀ। ਨਾਂਹ-ਨੁੱਕਰ ਕਰਦਿਆਂ ਉਹ ਆਪਣੇ ਨਾਲ ਦਿਆਂ ਸਾਥੀਆਂ ਦੇ ਕਹਿਣ 'ਤੇ ਉਸ ਸਮਾਗਮ ਵਿਚ ਜਾ ਬੈਠੇ। ਹਾਲੇ ਅੱਧਾ ਕੁ ਘੰਟਾ ਬੈਠਿਆਂ ਨੂੰ ਹੋਇਆ ਹੋਵੇਗਾ ਕਿ ਨਿਰੰਕਾਰੀ-ਸਟੇਜ 'ਤੇ ਬੋਲ ਰਹੇ ਵਕਤੇ ਨੇ ਗੁਰਮਤਿ ਵਿਰੁੱਧ ਕੁਝ ਗਲਤ ਟਿੱਪਣੀਆਂ ਕੀਤੀਆਂ।

ਬਿਜਲੀ ਦੀ ਫੁਰਤੀ ਨਾਲ ਸਿਰਦਾਰ ਸਾਹਿਬ ਇੱਕਦਮ ਉਠ ਖਲੋਤੇ। ਵਕਤੇ ਨੂੰ ਹੱਥ ਦੇ ਇਸ਼ਾਰੇ ਨਾਲ ਚੁੱਪ ਕਰਾਉਂਦਿਆਂ ਉਹ ਆਪਣੀ ਗੱਲ ਕਹਿਣ ਲੱਗੇ। ਥੱਲੇ ਬੈਠੇ ਉਨ੍ਹਾਂ ਦੇ ਸਾਥੀ ਸ. ਸੁਰਜਣ ਸਿੰਘ ਠੇਕੇਦਾਰ, ਸਿਰਦਾਰ ਜੀ ਦੇ ਪੈਰਾਂ 'ਤੇ ਚੂੰਢੀਆਂ ਵੱਢਦੇ ਹੋਏ ਇਸ਼ਾਰੇ ਕਰਨ ਲੱਗੇ ਕਿ ਹਾਲੇ ਕੁਝ ਨਾ ਬੋਲੋ- ਨਾਜ਼ੁਕ ਸਮਾਂ ਹੈ, ਸਾਡੀਆਂ ਵੋਟਾਂ ਖਰਾਬ ਹੋਣਗੀਆਂ, ਅਸੀਂ ਹਾਰ ਜਾਵਾਂਗੇ, ਜਾਣ ਦਿਓ ਗੁੱਸੇ ਨੂੰ! ਕਹਿੰਦੇ ਸਿਰਦਾਰ ਕਪੂਰ ਸਿੰਘ ਨੇ ਫੁਰਤੀ ਨਾਲ ਪੈਰ ਝੰਡਕ ਕੇ ਆਪਣੇ ਸਾਥੀਆਂ ਨੂੰ ਉੱਚੀ-ਉੱਚੀ ਕਿਹਾ- ''ਹਟ ਭਾਈ ਸੁਰਜਣ ਸਿਹਾਂ, ਮੈਂ ਜਿੱਤਾਂ ਚਾਹੇ ਹਾਰਾਂ, ਮੈਨੂੰ ਨਹੀਂ ਪ੍ਰਵਾਹ! ਪਰ ਮੈਂ ਆਪਣੇ ਗੁਰੂ ਦੀ ਬੇਅਦਬੀ ਸੁਣ ਕੇ ਚੁੱਪ ਨਹੀਂ ਰਹਿ ਸਕਦਾ।''

ਹੁਣ ਜ਼ਰਾ ਕੌੜਾ ਘੁੱਟ ਭਰਨ ਵਾਂਗ ਸਵਰਗੀ ਜਥੇਦਾਰ ਸੁਰਜਣ ਸਿੰਘ ਠੇਕੇਦਾਰ ਮੂੰਹੋਂ ਸੁਣੀ ਹੋਈ ਇਹ ਗੱਲ ਮੈਨੂੰ ਹੁੱਬ ਹੁੱਬ ਕੇ ਸੁਣਾਉਣ ਵਾਲੇ ਸਿੱਖ ਦੇ 'ਸਿੱਖ ਪ੍ਰੇਮ' ਬਾਰੇ ਵੀ ਸੁਣ ਲਓ। ਕਈ ਸਾਲ ਪਹਿਲੋਂ ਬਾਦਲਾਂ ਵੱਲੋਂ ਸਿੱਖ ਧਰਮ ਵਿਰੋਧੀ ਕੀਤੀ ਗਈ ਕਿਸੇ ਕਾਰਵਾਈ ਪ੍ਰਤੀ ਤਕੜੇ ਗੁੱਸੇ ਦਾ ਇਜ਼ਹਾਰ ਕਰਦਿਆਂ ਬਾਦਲ-ਸ਼ਾਹੀ ਨੂੰ ਭੰਡਣ ਵਾਲੇ ਇਹ ਸਿੰਘ ਸਾਹਿਬ, ਹੁਣ ਮਲੂਕੇ ਦਾ ਪੱਖ ਪੂਰ ਰਹੇ ਹਨ। ਜਨਾਬ ਫੁਰਮਾ ਰਹੇ ਹਨ ਕਿ ਜਿਹੜੀ ਅਰਦਾਸ ਸ੍ਰੀ ਮਲੂਕੇ ਨੇ ਆਪਣੇ ਚੋਣ ਦਫਤਰ ਦੇ ਉਦਘਾਟਨ ਮੌਕੇ ਕਰਵਾਈ ਹੈ ਉਹ ਹਿੰਦੂ ਗ੍ਰੰਥਾਂ ਵਿਚ 'ਬਹੁਤ ਪੁਰਾਣੇ' ਤੋਂ ਲਿਖੀ ਹੋਈ ਮਿਲਦੀ ਹੈ। ਭਾਵੇਂ ਬਹੁਤ ਸਾਰੇ ਸੁਹਿਰਦ ਹਿੰਦੂ ਭਰਾ ਇਹ ਐਲਾਨੀਆ ਕਹਿ ਰਹੇ ਹਨ ਕਿ ਅਜਿਹੀ ਅਰਦਾਸ ਦਾ ਕਿਸੇ ਹਿੰਦੂ ਇਤਿਹਾਸਕ ਗ੍ਰੰਥ ਵਿਚ ਕੋਈ ਹਵਾਲਾ ਨਹੀਂ ਮਿਲਦਾ। ਪ੍ਰੰਤੂ ਕੁਝ ਸਾਲ ਪਹਿਲਾਂ ਸਿਰਦਾਰ ਕਪੂਰ ਸਿੰਘ ਦੀ ਉਸਤਤਿ ਕਰਨ ਵਾਲੇ ਇਹ 'ਪੰਜ-ਕਕਾਰੀ' ਖਾਲਸਾ ਜੀ ਹੁਣ ਸਿਆਸਤ ਉਤੋਂ ਧਰਮ ਨੂੰ ਕੁਰਬਾਨ ਕਰ ਰਹੇ ਹਨ।

ਬਾਲ ਉਮਰ ਸਮੇਂ ਸਾਡੇ ਪਿੰਡਾਂ 'ਚ ਸੰਨਿਆਸੀ ਬਾਵੇ ਹਾਥੀ ਲੈ ਕੇ ਆਉਂਦੇ ਹੁੰਦੇ ਸਨ। ਵਰ੍ਹੀਂ-ਛਿਮਾਹੀਂ ਸਬੱਬੀਂ ਹਾਥੀ ਦੇਖ ਕੇ ਸਾਰੇ ਨਿਆਣੇ-ਸਿਆਣੇ ਉਹਦੇ ਮਗਰ ਹੋ ਤੁਰਦੇ। ਸੱਚ ਕਿ ਝੂਠ, ਪੇਂਡੂ ਬੁੜ੍ਹੀਆਂ ਕਿਹਾ ਕਰਦੀਆਂ ਸਨ ਕਿ ਇਹ ਬਾਵੇ ਜਦ ਜੰਗਲਾਂ 'ਚੋਂ ਹਾਥੀ ਫੜਦੇ ਨੇ ਤਾਂ ਉਦੋਂ ਈ ਇਹਦੀਆਂ ਅੱਖਾਂ ਵਿਚ ਨੀਲਾ ਥੋਥਾ ਪਾ ਦਿੰਦੇ ਨੇ। ਬੱਸ ਫਿਰ ਇਸਨੂੰ ਆਪ ਨੂੰ ਦਿਸਣਾ ਬੰਦ ਹੋ ਜਾਂਦਾ ਹੈ ਤੇ ਇਹ 'ਵਿਚਾਰਾ' ਸਿਰ ਵਤੇ ਕੁੰਡਾ ਲੈ ਕੇ ਬੈਠੇ ਮਹਾਵਤ ਦੇ ਇਸ਼ਾਰਿਆਂ ਨਾਲ ਹੀ ਉਠਦਾ-ਬਹਿੰਦਾ ਅਤੇ ਤੁਰਿਆ-ਫਿਰਦਾ ਹੈ। ਕਿਸੇ ਲਾਲਚ ਜਾਂ ਲਾਲਸਾ ਅਧੀਨ ਸਿਆਸੀ ਮਹਾਵਤਾਂ ਦੇ ਅਧੀਨ ਹੋ ਚੁੱਕੇ ਬੰਦਿਆਂ ਉਤੇ ਵੀ ਨੈਣੀ ਥੋਥਾ ਪੁਆ ਕੇ ਗੁਲਾਮ ਬਣੀ ਫਿਰਦੇ ਹਾਥੀ ਵਾਲੀ ਮਿਸਾਲ ਹੀ ਢੁੱਕਦੀ ਹੈ।

# ਜ਼ਿੰਦਗੀ ਵਿੱਚ ਖੇਡਾਂ ਦਾ ਮਹੱਤਵ

ਜ਼ਿੰਦਗੀ ਵਿੱਚ ਮਨ ਦੀ ਖੁਸ਼ੀ ਦਾ ਅਨੋਖਾ ਅਹਿਸਾਸ ਹੁੰਦਾ ਹੈ।ਇਸੇ ਲਈ ਗੁਰੂ ਸਾਹਿਬਾਨ ਨੇ ਆਖਿਆ ਹੈ ,ਉਨਚਣ ਕੁਦਣ ਮਨ ਕਾ ਚਾਉ''। ਸੋ ਖੇਡਾਂ ਖੇਡਣਾ ਜ਼ਿੰਦਗੀ ਦਾ ਅਹਿਮ ਅੰਗ ਹੈ।ਸਰੀਰਕ ਤੰਦਰੁਸਤੀ ਬਾਰੇ ਕਿਸੇ ਨੇ ਠੀਕ ਹੀ ਕਿਹਾ ਹੈ ਕਿ, ''ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਦਿਮਾਗ ਹੁੰਦਾ ਹੈ''। ਇਸ ਲਈ ਦੇਸ਼ ਦੇ ਬੱਚਿਆਂ ਦੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਪਵੇਗਾ ਤਾਂ ਹੀ ਉਨ੍ਹਾਂ ਦੇ ਦਿਮਾਗ ਤੰਦਰੁਸਤ ਹੋਣਗੇ। ਅੱਜ ਦੀ ਇਸ ਪਨੀਰੀ ਨੇ ਕੱਲ੍ਹ ਦੇ ਨੇਤਾ ਬਣਨਾ ਹੈ ਅਤੇ ਦੇਸ਼ ਨੂੰ ਉੱਚੀਆਂ ਬੁਲੰਦੀਆਂ ਤੇ ਲਿਜਾਣਾ ਹੈ। ਇਹ ਸਭ ਤਾਂ ਹੀ ਹੋ ਸਕਦਾ ਹੈ ਜੇ ਦੇਸ਼ ਦਾ ਦਿਮਾਗ ਭਾਵ ਸਾਡੇ ਦੇਸ਼ ਦੇ ਨੇਤਾਵਾਂ ਦਾ ਦਿਮਾਗ ਤੰਦਰੁਸਤ ਹੋਵੇਗਾ।

ਅਸੀਂ ਬੱਚੇ ਦੀ ਜਨਮ ਤੋਂ ਹੀ ਖੇਡਾਂ ਵੱਲ ਰੁਚੀ ਦੇਖ ਕੇ ਉਸ ਨੂੰ ਖੇਡਣ ਲਈ ਕੋਈ ਨਾ ਕੋਈ ਖਿਡੌਣਾ ਦੇ ਦਿੰਦੇ ਹਾਂ।ਇਸ ਨਾਲ ਬੱਚੇ ਦੇ ਮਨ ਨੂੰ ਖੁਸ਼ੀ ਮਿਲਦੀ ਹੈ। ਬੱਚੇ ਦੀ ਤੰਦਰੁਸਤੀ ਦਾ ਪਤਾ ਵੀ ਬੱਚੇ ਦੇ ਖੇਡਣ ਤੋਂ ਲਗਦਾ ਹੈ। ਇਸ ਲਈ ਖੇਡਾਂ ਜ਼ਿੰਦਗੀ ਦੀ ਰਵਾਨਗੀ ਦੇ ਨਾਲ-ਨਾਲ ਅਨੰਦ ਵੀ ਦਿੰਦੀਆਂ ਹਨ। ਇਹ ਬਚਪਨ ਤੋਂ ਬੁਢਾਪੇ ਤੱਕ ਖੇਡੀਆਂ ਜਾ ਸਕਦੀਆਂ ਹਨ। ਪੁਰਾਣੇ ਸਮਿਆਂ ਵਿੱਚ ਸਾਨੂੰ ਸਰੀਰਕ ਤੌਰ ਤੇ ਬਹੁਤ ਕੰਮ ਕਰਨੇ ਪੈਂਦੇ ਸਨ ਪਰ ਅੱਜ ਵਿਗਿਆਨ ਨੇ ਸਾਨੂੰ ਅਨੇਕਾਂ ਸਹੂਲਤਾਂ ਦਿੱਤੀਆਂ ਹਨ, ਜਿਨ੍ਹਾਂ ਸਦਕਾ ਸਰੀਰਕ ਤਾਕਤ ਦੀ ਵਰਤੋਂ ਘੱਟ ਗਈ ਹੈ। ਹੁਣ ਵੈਸੇ ਵੀ ਹੱਥੀਂ ਕੰਮ ਕਰਨ ਤੋਂ ਹਰ ਇਕ ਕਤਰਾਉਣ ਲੱਗ ਪਿਆ ਹੈ।

ਕਈ ਅਮੀਰ ਲੋਕ ਤਾਂ ਪੈਦਲ ਜਾਂ ਸਾਈਕਲ ਤੇ ਜਾਣ ਨੂੰ ਵੀ ਸ਼ਰਮ ਮਹਿਸੂਸ ਕਰਦੇ ਹਨ। ਇਹ ਲੋਕ ਸਰੀਰ ਨੂੰ ਪਸੀਨਾ ਤੱਕ ਨਹੀਂ ਆਉਣ ਦਿੰਦੇ ਕਿਉਂ ਕਿ ਉਨ੍ਹਾਂ ਕੋਲ ਜ਼ਿੰਦਗੀ ਦੀ ਹਰੇਕ ਸਹੂਲਤ ਹੁੰਦੀ ਹੈ। ਇਸ ਲਈ ਇਹੋ ਜਿਹੇ ਲੋਕਾਂ ਲਈ ਤਾਂ ਖੇਡਾਂ ਦਾ ਮਹੱਤਵ ਹੋਰ ਵੀ ਵਧੇਰੇ ਹੈ।

ਖੇਡ ਖੇਡਣ ਨਾਲ ਸਾਡਾ ਮਨ ਦੁਨਿਆਵੀ ਰੁਝੇਵਿਆਂ ਤੋਂ ਦੂਰ ਰਹਿੰਦਾ ਹੈ, ਇਸ ਤਰ੍ਹਾਂ ਮਾਨਸਿਕ ਪ੍ਰੇਸ਼ਾਨੀ ਵੀ ਦੂਰ ਹੁੰਦੀ ਹੈ। ਬੱਚਿਆਂ ਅੰਦਰ ਖੇਡਾਂ ਦੀ ਰੁਚੀ ਘਟਦੀ ਜਾ ਰਹੀ ਹੈ।ਟੈਲੀਵੀਜ਼ਨ ਅਤੇ ਕੇਬਲ ਟੀ. ਵੀ. ਨੇ ਬੱਚਿਆ ਦੇ ਖੇਡ ਸਮੇਂ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ। ਖੇਡਾਂ ਦੇਸ਼ ਦੀ ਨੌਜਵਾਨੀ ਦੀ ਉਰਜਾ ਨੂੰ ਚੰਗੇ ਪਾਸੇ ਲਾਉਣ ਲਈ ਇੱਕ ਅਹਿਮ ਸਾਧਨ ਹਨ।ਬਹੁਤ ਸਾਰੇ ਅੰਤਰ-ਰਾਸ਼ਟਰੀ ਖਿਡਾਰੀਆਂ ਨੇ ਸਾਡੇ ਦੇਸ਼ ਦਾ ਨਾਂ ਦੁਨੀਆਂ ਵਿੱਚ ਰੋਸ਼ਨ ਕੀਤਾ ਹੈ। ਹੁਣੇ ਹੀ ਜੂਨੀਅਰ ਹਾਕੀ ਟੀਮ ਨੇ ਵਰਲਡ ਕੱਪ ਜਿੱਤ ਕੇ ਖੇਡਾਂ ਵਿੱਚ ਨਵੀਂ ਥਾਂ ਬਣਾਈ ਹੈ। ਇਸ ਟੀਮ ਵਿੱਚ ਬਹੁਤਾਤ ਖਿਡਾਰੀ ਪੰਜਾਬ ਦੇ ਹਨ, ਇਸ ਲਈ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਕੇ ਹੋਰ ਵੀ ਵਧੀਆ ਪ੍ਰਾਪਤੀਆਂ ਦੀਆਂ ਸੰਭਾਵਨਾਵਾਂ ਹਨ। ਖੇਡ ਮੈਦਾਨ ਵਿੱਚੋਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਦਾ ਪਤਾ ਲੱਗਦਾ ਹੈ ਜਿਨ੍ਹਾਂ 'ਚੋਂ ਅਨੁਸ਼ਾਸ਼ਨ ਅਤੇ ਸਹਿਣਸ਼ੀਲਤਾ ਪ੍ਰਮੁੱਖ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਵਿੱਚ ਵੱਖੋ-ਵੱਖਰੇ ਸੂਬਿਆਂ ਦੇ ਖਿਡਾਰੀ ਹੋਣ ਦੇ ਬਾਵਜੂਦ ਉਹ ਪੂਰੇ ਤਾਲਮੇਲ ਨਾਲ ਖੇਡਦੇ ਹਨ।ਉਹ ਆਪਸ ਵਿੱਚ ਭਰਾਵਾਂ ਵਾਂਗ ਰਹਿੰਦੇ ਹਨ। ਇਸ ਤਰ੍ਹਾਂ ਦੇਸ਼ ਦੀ ਰਾਸ਼ਟਰੀ ਏਕਤਾ ਵਿੱਚ ਮਜਬੂਤੀ ਆਉਂਦੀ ਹੈ। ਇਥੇ ਇਹ ਵੀ ਜਿਕਰ ਕਰਨਾ ਬਣਦਾ ਹੈ ਕਿ ਪਿਛਲੇ ਸਮਿਆਂ ਦੌਰਾਨ ਖਿਡਾਰੀਆਂ ਅੰਦਰ ਨਸ਼ਿਆਂ ਜਾਂ ਤਾਕਤ ਵਧਾਊ ਦਵਾਈਆਂ ਦੇ ਸੇਵਨ ਦਾ ਵਿਸ਼ਾ ਚਰਚਾ ਅੰਦਰ ਰਿਹਾ ਹੈ। ਰਾਸ਼ਟਰੀ ਖੇਡ ਦਿਵਸ ਮੌਕੇ ਖਿਡਾਰੀਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਕਿਸੇ ਵੀ ਅਜਿਹੇ ਢੰਗ ਨਾਲ ਖੇਡ ਨਹੀਂ ਖੇਡਣਗੇ, ਜਿਸ ਨਾਲ ਦੇਸ਼ ਦਾ ਅਤੇ ਉਨ੍ਹਾਂ ਦਾ ਨਾਂ ਬਦਨਾਮ ਹੋਵੇ ਸਗੋਂ ਆਪਣੇ ਡੌਲਿਆਂ ਦੇ ਬਲਬੂਤੇ ਹੀ ਜਿੱਤ ਪ੍ਰਾਪਤ ਕਰਨੀ ਸ਼ੋਭਾ ਦਿੰਦੀ ਹੈ। ਬੱਚਿਆਂ ਨੂੰ ਖੇਡਾਂ ਵੱਲ ਰੁਚਿਤ ਕਰਨ ਲਈ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਖੇਡ ਮੁਕਾਬਲਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਬੱਚਾ ਕੱਚੀ ਕਲੀ ਵਾਂਗ ਹੁੰਦਾ ਹੈ, ਉਸ ਨੂੰ ਜਿਧਰ ਮਰਜ਼ੀ ਮੋੜ ਲਵੋ।ਖੇਡਾਂ ਵਿੱਚ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਵਾਲੇ ਖਿਡਾਰੀਆਂ ਦੀਆਂ ਜੀਵਨੀਆਂ ਵੱਧ ਤੋਂ ਵੱਧ ਸਿਲੇਬਸ ਵਿੱਚ ਸਾਮਲ ਕਰਕੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਲਾਹੇਵੰਦ ਹੋ ਸਕਦੀਆਂ ਹਨ।

ਖੇਡ ਵਿਭਾਗ ਨੂੰ ਵੀ ਬੱਚਿਆ ਲਈ ਖੇਡ ਸਹੂਲਤਾਂ ਪ੍ਰਦਾਨ ਕਰਨ ਵਿੱਚ ਖੁੱਲ੍ਹਦਿਲੀ ਦਿਖਾਉਣੀ ਚਾਹੀਦੀ ਹੈ। ਭਾਵੇਂ ਸਕੂਲਾਂ ਵਿੱਚ ਸਰੀਰਕ ਸਿੱਖਿਆ ਦਾ ਵਿਸ਼ਾ ਲਾਜ਼ਮੀ ਤੌਰ 'ਤੇ ਸ਼ੁਰੂ ਹੋ ਚੁਕਾ ਹੈ। ਪਰ ਬਹੁਤੇ ਸਕੂਲਾਂ ਵਿੱਚ ਬੱਚੇ ਇਸ ਵਿਸ਼ੇ ਦੀ ਥਿਊਰੀ ਨੂੰ ਪੜ੍ਹਨ ਤੱਕ ਸੀਮਤ ਰਹਿੰਦੇ ਹਨ, ਪ੍ਰੈਕਟੀਕਲ ਅੰਕ ਜੋ ਅੱਧ ਤੋਂ ਵੱਧ ਹੁੰਦੇ ਹਨ, ਲਈ ਖੇਡਾਂ ਖਿਡਾਈਆਂ ਹੀ ਨਹੀਂ ਜਾਂਦੀਆਂ,ਸਗੋਂ ਐਵੇਂ ਹੀ ਪ੍ਰੈਕਟੀਕਲ ਦੇ ਅੰਕ ਖਾਨਾ-ਪੂਰਤੀ ਕਰਕੇ ਲਗਾ ਦਿੱਤੇ ਜਾਂਦੇ ਹਨ।ਮੈਟ੍ਰਿਕ ਦੀ ਪ੍ਰੀਖਿਆ ਵਿੱਚ ਬੋਰਡ ਵਲੋਂ ਪੇਪਰ ਤਾਂ ਸਰੀਰਕ ਸਿੱਖਿਆ ਦਾ ਲਿਆ ਜਾਂਦਾ ਹੈ, ਪਰ ਕੁੱਲ ਅੰਕਾਂ ਵਿੱਚ ਇਸ ਵਿਸ਼ੇ ਦੇ ਅੰਕਾਂ ਨੂੰ ਜੋੜਿਆ ਨਹੀਂ ਜਾਂਦਾ, ਜੋ ਕਿ ਖਿਡਾਰੀ ਵਿਦਿਆਰਥੀਆਂ ਲਈ ਬੇਇਨਸਾਫੀ ਹੈ। ਸੋ ਇਸ ਵਿਸ਼ੇ ਦੇ ਅੰਕਾਂ ਨੂੰ ਕੁੱਲ ਅੰਕਾਂ ਵਿੱਚ ਜੋੜ ਕੇ ਵਿਚਾਰਨ ਨਾਲ ਬੱਚਿਆ ਦੀ ਖੇਡਾਂ ਪ੍ਰਤੀ ਰੁਚੀ ਜ਼ਰੂਰ ਵਧੇਗੀ।

-ਮੇਜਰ ਸਿੰਘ ਨਾਭਾ

# ਮੁਲਾਇਮ ਸਿੰਘ ਕਦੇ ਵੀ ਇਸ ਮੁਲਕ ਦੇ ਰਾਸ਼ਟਰਪਤੀ ਨਹੀਂ ਬਣ ਸਕਦੇ



ਪੰਮੀ ਲਾਲੋ ਮਜਾਰਾ
91-95011-43755

ਸਿਆਸੀ ਪੰਡਿਤ ਜੋ ਮਰਜ਼ੀ ਗਿਣਤੀਆਂ-ਮਿਣਤੀਆਂ ਲਾਉਣ, ਇਹ ਉਹਨਾਂ ਦਾ ਆਪਣਾ ਨਜ਼ਰੀਆ ਹੈ। ਪਰ ਮੈਂ 100 ਫੀਸਦੀ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੁਲਾਈ-ਅਗਸਤ ਵਿਚ ਰਾਸ਼ਟਰਪਤੀ ਦੀ ਹੋਣ ਵਾਲੀ ਚੋਣ 'ਚ ਸਪਾ ਸੁਪਰੀਮੋ ਮੁਲਾਇਮ ਸਿੰਘ ਯਾਦਵ ਕਦੇ ਵੀ ਭਾਰਤ ਦੇ ਰਾਸ਼ਟਰਪਤੀ ਨਹੀਂ ਬਣ ਸਕਣਗੇ। ਸਭ ਤੋਂ ਵੱਡਾ ਕਾਰਨ ਤਾਂ ਇਹ ਹੈ ਕਿ ਜੋ ਵਿਅਕਤੀ ਆਪਣੇ ਪਰਿਵਾਰ ਨੂੰ ਹੁਣ ਤੱਕ ਇੱਕਮੁਠ ਨਹੀਂ ਰੱਖ ਸਕਿਆ, ਉਸ ਵਿਅਕਤੀ ਨੂੰ ਰਾਸ਼ਟਰਪਤੀ ਬਣਾਉਣ ਬਾਰੇ ਸੋਚਣਾ ਵੀ ਮੂਰਖਤਾ ਹੈ। ਯਾਦਵ ਬੇਸ਼ੱਕ ਲੱਖ ਪ੍ਰਧਾਨ ਮੰਤਰੀ ਦੀ ਸਿਫਤ ਕਰਕੇ ਰਾਸ਼ਟਰਪਤੀ ਬਣਨ ਲਈ ਆਪਣਾ ਰਾਹ ਪੱਧਰਾ ਕਰੇ, ਪਰ ਸਿਆਸਤ ਵਿਚ ਮੁਲਾਇਮ ਸਿੰਘ ਦੇ ਭਲਵਾਨੀ ਵਾਲੇ ਦਿਨ ਹੁਣ ਗੁਜ਼ਰ ਚੁੱਕੇ ਹਨ। ਨਾ ਉਹਦੀ ਸਿਹਤ ਹੀ ਉਹਦੇ ਨਾਲ ਹੈ ਤੇ ਨਾ ਹੀ ਸਿਆਸੀ ਗਿਣਤੀਆਂ-ਮਿਣਤੀਆਂ ਹੀ ਉਹਦੇ ਨਾਲ ਹਨ। ਮੁਲਾਇਮ ਸਿੰਘ ਦੀ ਸਭ ਤੋਂ ਕੱਟੜ ਸਿਆਸੀ ਦੁਸ਼ਮਣ ਮਾਇਆਵਤੀ ਕਦੇ ਵੀ ਉਹਨੂੰ ਇਸ ਅਹੁਦੇ ਤੇ ਸੁਸ਼ੋਭਿਤ ਨਹੀਂ ਹੋਣ ਦੇਵੇਗੀ। ਉਹ ਉਤਰ ਪ੍ਰਦੇਸ਼ ਦੀ ਮਾਰਚ 2017 'ਚ ਮੁੱਖ ਮੰਤਰੀ ਬਣੇ ਜਾਂ ਨਾ ਬਣੇ, ਪਰ ਉਹ ਮੁਲਾਇਮ ਸਿੰਘ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਦੂਰ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਜੇ ਮਾਇਆਵਤੀ ਮੁੱਖ ਮੰਤਰੀ ਬਣ ਗਈ ਤਾਂ ਰਾਸ਼ਟਰਪਤੀ ਦੇ ਅਹੁਦੇ ਦੀ ਦਾਅਵੇਦਾਰੀ ਸਪਾ ਤੋਂ ਵੈਸੇ ਹੀ ਖੁਸ਼ ਜਾਵੇਗੀ। ਦੂਸਰਾ ਕੇਂਦਰ ਵੀ ਕਮਜ਼ੋਰ ਹੋ ਜਾਵੇਗਾ ਤੇ ਉਹ ਮਾਇਆਵਤੀ ਨਾਲ ਟਕਰਾਉਣ ਵਾਲੀ ਖੇਡ ਨਹੀਂ ਖੇਡ ਸਕੇਗਾ। ਦੂਸਰਾ ਪ੍ਰਧਾਨ ਮੰਤਰੀ ਦੇ ਚਿਹਰੇ ਤੇ ਅੱਜਕਲ੍ਹ ਜੋ ਚਿੰਤਾ ਦੀਆਂ ਲਕੀਰਾਂ ਨਜ਼ਰ ਆ ਰਹੀਆਂ ਹਨ, ਉਹ ਨੋਟਬੰਦੀ ਕਰਕੇ ਨਹੀਂ, ਸਗੋਂ ਇਸ ਕਰਕੇ ਹੈ ਕਿ ਜੇ ਭਾਜਪਾ ਉਤਰ ਪ੍ਰਦੇਸ਼ ਦੀਆਂ ਚੋਣਾਂ 'ਚ ਸੱਤਾ ਲਈ ਵਾਪਸੀ ਨਾ ਕਰ ਸਕੀ ਤਾਂ ਨਾਗਪੁਰ ਵਾਲੇ ਇਸ ਕਦਰ ਨਰਾਜ਼ ਹੋ ਜਾਣਗੇ ਕਿ ਉਹ ਪ੍ਰਧਾਨ ਮੰਤਰੀ ਦਾ ਅੱਗੇ ਤੋਂ ਆਰ. ਐਸ. ਐਸ. ਵਿਚ ਕੋਈ ਦਖਲ ਬਰਦਾਸ਼ਤ ਨਹੀਂ ਕਰਨਗੇ। ਬਾਕੀ ਜੇ ਮਾਇਆਵਤੀ ਲਖਨਊ ਦੀ ਸੱਤਾ ਤੋਂ ਕਿਸੇ ਕਾਰਨ ਕਰਕੇ ਫਿਸਲ ਵੀ ਗਈ 'ਜਿਸ ਦੀ ਗੁੰਜਾਇਸ਼ ਨਾਮਾਤਰ ਹੀ ਹੈ) ਤਾਂ ਉਸ ਕੋਲ ਐਨੇ ਕੁ ਵਿਧਾਇਕ ਤਾਂ ਹੋਣਗੇ ਹੀ ਕਿ ਉਹ ਕੋਈ ਵੀ ਪਾਸਾ ਪਲਟ ਕੇ ਰੱਖ ਸਕਦੀ ਹੈ। ਕਿਉਂਕਿ ਉਤਰ ਪ੍ਰਦੇਸ਼ ਦੇ ਇਕ ਵਿਧਾਇਕ ਦਾ ਸਿਆਸੀ ਰੇਟ ਬਾਕੀ ਸੂਬਿਆਂ ਦੇ ਮੁਕਾਬਲੇ ਬਹੁਤ ਹੀ ਜ਼ਿਆਦਾ ਹੁੰਦਾ ਹੈ। ਰਹੀ ਗੱਲ ਕਾਂਗਰਸ ਦੀ, ਉਹ ਵੀ ਮੁਲਾਹਿਮ ਸਿੰਘ ਨੂੰ ਰਾਸ਼ਟਰਪਤੀ ਬਣਾਉਣ ਤੋਂ ਸਿਆਸੀ ਪ੍ਰਹੇਜ਼ ਹੀ ਕਰੇਗੀ, ਕਿਉਂਕਿ ਇਕ ਤਾਂ ਹਾਲ ਹੀ ਵਿਚ ਮੁਲਾਇਮ ਸਿੰਘ ਦੀ ਵਜ੍ਹਾ ਕਰਕੇ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਸਪਾ ਅਤੇ ਕਾਂਗਰਸ ਦਾ ਗੱਠਜੋੜ ਹੁੰਦਾ-ਹੁੰਦਾ ਰਹਿ ਗਿਆ ਤੇ ਦੂਸਰਾ 2004 ਵਿਚ ਜਦ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸੋਨੀਆ ਗਾਂਧੀ ਦਾ ਨਾਂ ਤਜਵੀਜ਼ ਕੀਤਾ ਗਿਆ ਸੀ ਤਾਂ ਇਸੇ ਮੁਲਾਇਮ ਸਿੰਘ ਨੇ ਉਸਦਾ ਸਭ ਤੋਂ ਵੱਧ ਵਿਰੋਧ ਕੀਤਾ ਸੀ। ਤੇ ਇਸੇ ਵਜ੍ਹਾ ਕਰਕੇ ਡਾ. ਮਨਮੋਹਨ ਸਿੰਘ 10 ਸਾਲ ਤੱਕ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਰਹੇ। ਕੀ ਉਹ ਚੀਸ, ਉਹ ਦਰਦ ਤੇ ਜਾਂ ਉਹ ਸ਼ਰਮਿੰਦਗੀ ਮੈਡਮ ਸੋਨੀਆ ਗਾਂਧੀ ਭੁੱਲ ਗਈ ਹੋਵੇਗੀ। ਕਈ ਸਿਆਸੀ ਮਾਹਿਰ ਇਹ ਸੋਚਦੇ ਹੋਣਗੇ ਕਿ ਸਿਆਸਤ ਵਿਚ ਸਭ ਕੁਝ ਸੰਭਵ ਹੈ ਪਰ ਮੈਂ ਸੋਚਦਾ ਹਾਂ ਕਿ ਸਿਆਸਤ ਵਿਚ ਸਭ ਕੁਝ ਸੰਭਵ ਵੀ ਨਹੀਂ। ਬੇਸ਼ੱਕ ਪ੍ਰਧਾਨ ਮੰਤਰੀ, ਆਰ. ਐਸ. ਐਸ. ਤੇ ਜਾਂ ਭਾਜਪਾ ਆਪਣੇ ਸਿਆਸੀ ਮਨਸੂਬਿਆਂ ਲਈ ਮੁਲਾਇਮ ਸਿੰਘ ਦਾ ਨਾਮ ਅੱਗੇ ਵਧਾਉਣ, ਪਰ ਸੋਨੀਆ ਗਾਂਧੀ ਕਦੇ ਵੀ ਮੁਲਾਇਮ ਸਿੰਘ ਦੇ ਨਾਮ ਨੂੰ ਪ੍ਰਵਾਨਗੀ ਦੇ ਕੇ ਆਪਣੇ ਪੈਰਾਂ 'ਤੇ ਸਿਆਸੀ ਕੁਹਾੜਾ ਨਹੀਂ ਮਾਰੇਗੀ। ਉਹ ਸੋਨੀਆ ਗਾਂਧੀ ਜਿਸ ਨੂੰ ਅੱਜਕਲ੍ਹ ਭਾਜਪਾ ਦੀ ਕੇਂਦਰ ਸਰਕਾਰ ਨੇ ਵਿਰੋਧੀ ਧਿਰ ਦੀ ਨੇਤਾ ਵਜੋਂ ਸਹਿਮਤੀ ਨਹੀਂ ਦਿੱਤੀ। ਕਿਉਂਕਿ ਕਾਂਗਰਸ, ਭਾਜਪਾ ਨਾਲ ਜਿੰਨਾ ਟਕਰਾਵੇਗੀ, ਕਾਂਗਰਸ ਉਨਾ ਹੀ ਆਪਣਾ ਖੁਸਿਆ ਹੋਇਆ ਜਨ-ਆਧਾਰ ਮਜ਼ਬੂਤ ਕਰੇਗੀ। ਰਹੀ ਗੱਲ ਮੁਲਾਇਮਵਾਦੀ ਅਮਰ ਸਿੰਘ ਦੀ। ਉਹ ਅੱਜਕਲ੍ਹ ਖੁਦ ਸਪਾ ਵਿਚ ਹੀ ਅਲੱਗ-ਥਲੱਗ ਪਏ ਹੋਏ ਹਨ, ਪਤਾ ਨਹੀਂ ਮੁੱਖ ਮੰਤਰੀ ਅਖਿਲੇਸ਼ ਯਾਦਵ ਉਹਨੂੰ ਸਪਾ 'ਚੋਂ ਬਾਹਰ ਕਰ ਦੇਣ। ਇਕ ਸਮਾਂ ਸੀ ਜਦ ਅਮਰ ਸਿੰਘ ਦੀ ਹਰ ਸਿਆਸੀ ਪਾਰਟੀ (ਬਸਪਾ ਤੋਂ ਬਿਨਾਂ) ਵਿਚ ਤੂਤੀ ਬੋਲਦੀ ਸੀ ਤੇ ਉਹਨੂੰ ਸੱਤਾ ਦੀ ਜੋੜ-ਤੋੜ ਦਾ ਮਾਹਿਰ ਤੇ ਸੱਤਾ ਦਾ ਦਲਾਲ ਤੱਕ ਕਿਹਾ ਜਾਂਦਾ ਸੀ, ਪਰ ਅਮਰ ਸਿੰਘ ਦੀ ਜਦੋਂ ਦੀ ਸਿੰਘਾਪੁਰ ਦੇ ਇਕ ਹਸਪਤਾਲ 'ਚ ਕਿਡਨੀ ਟਰਾਂਸਪਲਾਂਟ ਹੋਈ ਹੈ, ਉਹਦੀ ਖੁਦ ਦੀ ਸਿਆਸੀ ਜ਼ਿੰਦਗੀ ਡਾਇਲਸੈਸ ਵਰਗੀ ਹੋ ਕੇ ਰਹਿ ਗਈ ਹੈ। ਜੇ ਉਹ ਸਪਾ 'ਚ ਵੀ ਰਹੇ ਤਾਂ ਵੀ ਮੁਲਾਇਮ ਸਿੰਘ ਨੂੰ ਰਾਸ਼ਟਰਪਤੀ ਬਣਾਉਣ ਲਈ ਕੋਈ ਸਾਜ਼ਗਾਰ ਭੂਮਿਕਾ ਨਹੀਂ ਨਿਭਾਅ ਸਕਦਾ। ਤੇ ਜੇ ਉਹ ਸਪਾ 'ਚੋਂ ਆਊਟ ਕਰ ਦਿੱਤਾ ਗਿਆ ਤਾਂ ਫਿਰ ਉਹਦਾ ਸਾਰੇ ਦਾ ਸਾਰਾ ਸੂਪੜਾ ਸਾਫ ਹੀ ਸਮਝੋ। ਬਾਕੀ ਜਿਸ ਤਰ੍ਹਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸਪਾ ਨਾਲ ਤੇ ਜਾਂ ਕੇਜਰੀਵਾਲ ਨਾਲ ਸਿਆਸੀ ਪੀਂਘਾਂ ਚੜ੍ਹਾ ਰਹੀ ਹੈ, ਇਹ ਵਜ੍ਹਾ ਵੀ ਮੁਲਾਇਮ ਸਿੰਘ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਦੂਰ ਰੱਖਣ ਵਿਚ ਮਦਦਗਾਰ ਹੋਵੇਗੀ, ਕਿਉਂਕਿ ਇਹ ਦੋਵੇਂ ਮੁੱਖ ਮੰਤਰੀ ਹਰ ਵੇਲੇ ਕੇਂਦਰ ਨਾਲ ਟਕਰਾਉਂਦੇ ਰਹਿੰਦੇ ਹਨ। ਇਹ ਸਭ ਕੁਝ ਵੀ ਭਾਜਪਾ ਦੀ ਛਾਤੀ ਤੇ ਮੂੰਗ ਦਲਣ ਵਰਗਾ ਹੀ ਹੋਵੇਗਾ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਮੁਲਾਇਮ ਸਿੰਘ ਨਾਲ 36 ਦਾ ਅੰਕੜਾ ਹੈ। ਦੂਜੇ ਪਾਸੇ ਲਾਲੂ ਯਾਦਵ, ਮੁਲ-ਾਇਮ ਸਿੰਘ ਨਾਲ ਨੇੜਲੀ ਰਿਸ਼ਤੇਦਾਰੀ ਰੱਖਦੇ ਹਨ, ਹਾਂ ਉਹ ਜ਼ਰੂਰ ਮੁਲਾਇਮ ਸਿੰਘ ਦੀ ਇਸ ਅਹੁਦੇ ਲਈ ਪਿੱਠ ਥਾਪੜ ਸਕਦੇ ਹਨ। ਪਰ ਕੀ ਇਸ ਮੁੱਦੇ 'ਤੇ ਨਿਤੀਸ਼ ਤੇ ਲਾਲੂ ਵੱਖ-ਵੱਖ ਹੋ ਜਾਣਗੇ। ਕਿਉਂਕਿ ਨਿਤੀਸ਼ ਤੇ ਥੋੜ੍ਹਾ ਬਹੁਤਾ ਭਾਜਪਾ ਦਾ ਰੰਗ ਚੜ੍ਹਨਾ ਸ਼ੁਰੂ ਹੋ ਚੁੱਕਾ ਹੈ ਤੇ ਸਰਕਾਰ ਚਲਾਉਣ ਲਈ ਉਹਦੀਆਂ ਆਪਣੀਆਂ ਮਜਬੂਰੀਆਂ ਵੀ ਹਨ। ਜਦਕਿ ਲਾਲੂ, ਬਿਹਾਰ ਵਿਚ ਆਪਣੀ ਗੱਠਜੋੜ ਸਰਕਾਰ ਬਣਾਉਣ ਤੋਂ ਬਾਅਦ ਇਕ ਵਾਰ ਵੀ ਪ੍ਰਧਾਨ ਮੰਤਰੀ ਨੂੰ ਮਿਲਣ ਤੱਕ ਨਹੀਂ ਗਿਆ। ਤੇ ਉਹ ਸਮੇਂ-ਸਮੇਂ 'ਤੇ ਨਰਿੰਦਰ ਮੋਦੀ ਦੀਆਂ ਨਕਲਾਂ ਕਰਕੇ ਵੀ ਅਕਸਰ ਮੀਡੀਆ ਵਿਚ ਨਜ਼ਰ ਆਉਂਦੇ ਰਹਿੰਦੇ ਹਨ। ਮੁਲਾਇਮ ਸਿੰਘ ਦੀ ਸਿਆਸੀ ਚਾਦਰ ਤੇ ਕਈ ਦਾਗ ਅਜਿਹੇ ਵੀ ਹਨ, ਜੋ ਕਿਸੇ ਵੀ ਸਿਆਸੀ ਸਾਬਣ ਨਾਲ ਧੋਤੇ ਨਹੀਂ ਜਾ ਸਕਣਗੇ।

ਭਾਰਤ ਦੇ ਰੱਖਿਆ ਮੰਤਰੀ ਹੁੰਦਿਆਂ, ਰਾਜੀਵ ਗਾਂਧੀ ਨੂੰ ਬਚਾਉਣ ਲਈ, ਬੋਫੋਰਜ਼ ਸੌਦੇ ਨਾਲ ਸਬੰਧਤ ਫਾਇਲਾਂ ਇੱਧਰ-ਉਧਰ ਕਰਨ ਦਾ ਦੋਸ਼ ਵੀ ਯਾਦਵ 'ਤੇ ਲੱਗ ਚੁੱਕਾ ਹੈ। ਲਖਨਊ ਦੇ ਗੈਸਟ ਹਾਊਸ ਵਿਚ ਮਾਇਆਵਤੀ 'ਤੇ ਹਮਲਾ ਤੇ ਕਾਰ ਸੇਵਕਾਂ 'ਤੇ ਗੋਲੀ ਚਲਾਉਣ ਦਾ ਹੁਕਮ ਦੇਣ ਦਾ ਵੀ ਸੰਗੀਨ ਦੋਸ਼ ਮੁਲਾਇਮ ਸਿੰਘ 'ਤੇ ਹੈ। ਰਾਸ਼ਟਰਪਤੀ ਦੇ ਅਹੁਦੇ ਲਈ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਮੰਨੇ-ਪ੍ਰਮੰਨੇ ਅਭਿਨੇਤਾ ਸ੍ਰੀ ਅਮਿਤਾਬ ਬਚਨ ਵੀ ਸ਼ਾਮਲ ਹਨ। ਪਰ ਲੱਗਦਾ ਹੈ ਕਿ ਇਸ ਵਾਰ ਰਾਸ਼ਟਰਪਤੀ ਦੇ ਅਹੁਦੇ ਦਾ ਗੁਣਾ ਕਿਸੇ ਔਰਤ 'ਤੇ ਪੈ ਸਕਦਾ ਹੈ ਅਤੇ ਉਹ ਔਰਤ ਸੁਸ਼ਮਾ ਸਵਰਾਜ ਹੋ ਸਕਦੀ ਹੈ।

## ਕਾਂਸਟੇਬਲ ਤੋਂ ਏ.ਐਸ.ਆਈ. ਬਣਨ ਤੱਕ ਦਾ ਸੁਨਹਿਰੀ ਹਸਤਾਖਰ- ਸੁਦਾਗਰ ਸਿੰਘ 'ਪੌੜ'

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਪੰਮੀ ਲਾਲੋ ਮਜਾਰਾ)- ਹੌਸਲੇ, ਦ੍ਰਿੜ੍ਹਤਾ, ਲਗਨ ਤੇ ਇਮਾਨਦਾਰੀ ਦਾ ਨਾਂ ਹੈ ਸੁਦਾਗਰ ਸਿੰਘ। 1992 ਵਿਚ ਜਲੰਧਰ, ਪੰਜਾਬ ਪੁਲਿਸ ਵਿਚ ਸਿਪਾਹੀ ਭਰਤੀ ਹੋਣ ਤੋਂ ਲੈ ਕੇ ਏ. ਐਸ. ਆਈ. ਬਣਨ ਵਾਲਾ ਸੁਦਾਗਰ ਸਿੰਘ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪੁਲਿਸ ਮਹਿਕਮੇ 'ਚ ਉਹ ਕਿਸੇ ਵੀ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਕਿਉਂਕਿ ਉਹਨੇ ਸਬੰਧਤ ਜ਼ਿਲ੍ਹੇ ਦੇ ਹਰ ਥਾਣੇ 'ਚ ਆਪਣੀ ਇਮਾਨਦਾਰ ਡਿਊਟੀ ਨਾਲ ਵੱਡੇ ਤੋਂ ਵੱਡੇ ਅਫਸਰ ਦਾ ਮਨ ਮੋਹਿਆ ਹੈ। ਸ. ਜੋਗਿੰਦਰ ਸਿੰਘ, ਮਾਤਾ ਸੱਤਿਆ ਦੇਵੀ, ਇਕ ਲੜਕਾ ਤੇ ਦੋ ਲੜਕੀਆਂ ਦਾ ਜ਼ਿੰਮੇਵਾਰ ਬਾਪ, ਚਾਰ ਭਰਾਵਾਂ 'ਚੋਂ ਸਭ ਤੋਂ ਛੋਟਾ ਤੇ 17-8-1971 ਦਾ ਜੰਪਲ ਤੇ ਪਿੰਡ ਲਾਲੋ ਮਜਾਰੇ ਦਾ ਬਾਸ਼ਿੰਦਾ ਸੁਦਾਗਰ ਸਿੰਘ ਅਸਾਮ ਤੇ ਬਿਹਾਰ ਵਰਗੇ ਖਤਰਨਾਕ ਇਲਾਕੇ 'ਚ ਤੇ ਖਤਰਨਾਕ ਪ੍ਰਸਥਿਤੀਆਂ 'ਚ ਵੀ ਅਡੋਲ ਰਿਹਾ। 1992 ਵਿਚ ਜਲੰਧਰ ਦੀ ਪੀ. ਏ. ਪੀ. ਗਰਾਊਂਡ 'ਚ ਇਕ ਸਾਲ ਦੀ ਤਪੱਸਿਆ ਵਰਗੀ ਟਰੇਨਿੰਗ ਕਰਨ ਤੋਂ ਬਾਅਦ ਉਹ ਸੈਕਿੰਡ ਕਮਾਂਡੋ 'ਚ ਚਲਾ ਗਿਆ। ਫਿਰ 1999 ਵਿਚ ਉਹਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ 411 ਨੰਬਰ ਮਿਲ ਗਿਆ। ਸਰਕਰੀ ਹਾਈ ਸਕੂਲ ਝਿੰਗੜਾਂ ਤੋਂ ਦਸਵੀ ਪਾਸ ਤੇ ਐਸ. ਐਨ ਕਾਲਜ ਬੰਗਾ ਤੋਂ ਉਚ ਦਰਜੇ ਦੀ ਸਿੱਖਿਆ ਪ੍ਰਾਪਤ ਸੁਦਾਗਰ ਸਿੰਘ 2003 ਦਾ ਡਰਾਈਵਿੰਗ ਕੋਰਸ ਪਾਸ ਹੈ। 2008 ਵਿਚ ਉਹਨੇ ਫਿਲੌਰ ਦੀ ਮਹਾਰਾਜਾ ਰਣਜੀਤ ਸਿੰਘ ਪੀ. ਪੀ. ਏ. ਅਕੈਡਮੀ ਤੋਂ ਹੌਲਦਾਰ ਦਾ ਕੋਰਸ ਕੀਤਾ ਹੈ। ਹੁਣ 25 ਸਾਲ ਦੇ ਵਕਫੇ ਤੋਂ ਬਾਅਦ ਪੁਲਿਸ ਮਹਿਕਮੇ 'ਚ ਤਨਦੇਹੀ ਨਾਲ ਡਿਊਟੀ ਕਰਨ ਉਪਰੰਤ ਏ. ਐਸ. ਆਈ. ਪਦਉਨਤ ਹੋਇਆ ਹੈ। ਖਾਸ ਗੱਲ ਇਹ ਹੈ ਕਿ ਉਹ ਆਪਣੇ ਪਿੰਡ ਲਾਲੋ ਮਜਾਰੇ ਦਾ ਪਹਿਲਾ ਪੁਲਿਸ ਮੁਲਾਜ਼ਮ ਹੈ ਜੋ ਸਿਪਾਹੀ ਭਰਤੀ ਹੋ ਕੇ ਏ. ਐਸ. ਆਈ. ਬਣਿਆ ਹੈ। ਸੁਦਾਗਰ ਸਿੰਘ ਦਾ ਵੱਡਾ ਭਰਾ ਸ. ਮੁਖਤਿਆਰ ਸਿੰਘ ਹੌਲਦਾਰ ਬਤੌਰ ਆਰਮਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਆਪਣੀਆਂ ਸੇਵਾਵਾਂ ਦੇ ਰਿਹਾ ਹੈ।



## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮਾਗਮ

ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਬਾਅਦ ਨਿਤੀਸ਼ ਕੁਮਾਰ ਨੇ ਗਾਂਧੀ ਮੈਦਾਨ ਵਿੱਚ ਜਾ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ।

**ਮੰਦਰ ਤੇ ਮਸਜਿਦ ਦੇ ਵਿਚਾਲੇ ਹੈ ਪਟਨੇ ਦਾ ਤਖਤ**

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਦੀਆਂ ਤਿਆਰੀਆਂ ਪਿਛਲੇ ਇੱਕ ਮਹੀਨੇ ਤੋਂ ਚੱਲ ਰਹੀਆਂ ਹਨ। ਹੁਣ ਜਦੋਂ ਮੁੱਖ ਸਮਾਗਮਾਂ ਵਿੱਚ ਇੱਕ ਹਫਤਾ ਰਹਿ ਗਿਆ ਹੈ ਤਾਂ ਸ਼ਹਿਰ ਵਿੱਚ ਸੰਗਤਾਂ ਦਾ ਹੜ੍ਹ ਵਧਦਾ ਜਾ ਰਿਹਾ ਹੈ।

ਤਖਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ ਦੇ ਮੁੱਖ ਗੁਰਧਾਮ ਤੋਂ ਲੈ ਕੇ ਗੁਰਦੁਆਰਾ ਬਾਲ ਲੀਲਾ, ਕੰਗਣਘਾਟ ਤੇ ਗੁਰਦੁਆਰਾ ਗਊ ਘਾਟ ਵਿੱਚ ਸੰਗਤਾਂ ਦੀ ਵੱਡੀ ਭੀੜ ਦਿਖਾਈ ਦਿੰਦੀ ਹੈ। ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦਾ ਕੋਨਾ-ਕੋਨਾ ਵਧੀਆ ਢੰਗ ਨਾਲ ਸੰਵਾਰਿਆ ਤੇ ਸ਼ਿੰਗਾਰਿਆ ਗਿਆ ਹੈ। ਅੰਦਰੂਨੀ ਕੰਧਾਂ ਅਤੇ ਛੱਤ ਨੂੰ ਬੇਹੱਦ ਖੂਬਸੂਰਤ ਬਣਾਈਆਂ ਗਈਆਂ ਹਨ।

## ਪੰਜਾਬ ਚੋਣਾਂ ਦਾ ਐਲਾਨ ਇਸੇ ਹਫਤੇ ਸੰਭਵ, ਸਿਆਸੀ ਤਿਕੜਮਬਾਜੀ ਵਧੀ

ਅਹਿਮ ਸ਼ਖ਼ਸੀਅਤ ਵਜੋਂ ਉਭਰ ਚੁੱਕੇ ਹਨ। ਇਸ ਚਰਚਾ ਸਬੰਧੀ ਜਦੋਂ ਅੱਜ ਸ਼ਾਮੀ ਜਨਰਲ ਜੇ.ਜੇ.ਸਿੰਘ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਸਿੱਧੇ ਤੌਰ 'ਤੇ ਕੁਝ ਵੀ ਕਹਿਣ ਤੋਂ ਇਨਕਾਰ ਕੀਤਾ ਪ੍ਰੰਤੂ ਉਨ੍ਹਾਂ ਦੇ ਲਫ਼ਜ਼ੀ ਸੰਕੇਤ ਇਸ ਗੱਲ ਦੀ ਕਿਤੇ ਨਾ ਕਿਤੇ ਹਾਮੀ ਭਰ ਰਹੇ ਸਨ।

**ਮੁੱਖ ਮੰਤਰੀ ਦੇ ਨਾਂ ਦਾ ਐਲਾਨ ਚੋਣਾਂ ਤੋਂ ਬਾਅਦ: ਕੇਜਰੀਵਾਲ**

ਚੰਡੀਗੜ੍ਹ- ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਾਰੀਆਂ ਕਿਆਸਅਰਾਈਆਂ ਰੱਦ ਕਰਦਿਆਂ ਸਾਫ਼ ਕਿਹਾ ਕਿ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਚੋਣਾਂ ਤੋਂ ਬਾਅਦ ਕੀਤਾ ਜਾਵੇਗਾ। ਸ੍ਰੀ ਕੇਜਰੀਵਾਲ ਨੇ ਇੱਥੇ ਯੂਟੀ ਗੈਸਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਦੇ ਉਮੀਦਵਾਰ ਦਾ ਐਲਾਨ ਚੋਣਾਂ ਤੋਂ ਪਹਿਲਾਂ ਕਰਨ ਦਾ ਕੋਈ ਵਿਚਾਰ ਨਹੀਂ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਸੀ ਕਿ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਜਲਦੀ ਹੀ ਕੀਤਾ ਜਾ ਰਿਹਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਹੁਣ ਐਲਾਨੇ ਉਮੀਦਵਾਰਾਂ ਵਿੱਚੋਂ ਕਿਸੇ ਨੂੰ ਵੀ ਚੋਣ ਪ੍ਰਚਾਰ ਵਿੱਚ ਢਿੱਲਮੱਠ ਕਰਨ ਦੇ ਕਾਰਨਾਂ ਕਰਕੇ ਨਹੀਂ ਬਦਲਿਆ ਜਾਵੇਗਾ। ਉਂਜ ਉਨ੍ਹਾਂ ਸਪੱਸ਼ਟ ਕੀਤਾ ਕਿ ਪਾਰਟੀ ਦੇ ਸਿਧਾਂਤ ਮੁਤਾਬਕ ਜੇ ਕੋਈ ਉਮੀਦਵਾਰ ਚੋਣ ਤੋਂ ਇਕ ਦਿਨ ਪਹਿਲਾਂ ਵੀ ਟ੍ਰਿਪਲ 'ਸੀ' (ਭ੍ਰਿਸ਼ਟ, ਕਰਿਮੀਨਲ ਜਾਂ ਕਰੈਕਟਰਲੈੱਸ) ਵਿੱਚੋਂ ਕਿਸੇ ਦਾ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਦੀ ਉਮੀਦਵਾਰੀ ਖ਼ਾਰਜ ਕੀਤੀ ਜਾ ਸਕਦੀ ਹੈ।

**ਉਮੀਦਵਾਰਾਂ ਦੇ ਐਲਾਨ 'ਚ ਦੇਰੀ ਕਾਂਗਰਸ 'ਤੇ ਪੈਣ ਲੱਗੀ ਭਾਰੀ**

ਚੰਡੀਗੜ੍ਹ- ਕਾਂਗਰਸ ਪਾਰਟੀ ਵੱਲੋਂ ਚਾਲੀ ਵਿਧਾਨ ਸਭਾ ਹਲਕਿਆਂ ਲਈ ਉਮੀਦਵਾਰਾਂ ਦੇ ਐਲਾਨ ਵਿੱਚ ਕੀਤੀ ਜਾ ਰਹੀ ਦੇਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੁਆਰਾ ਕਾਂਗਰਸ ਉਮੀਦਵਾਰਾਂ ਦੀ ਚੋਣ ਲਈ ਇੱਕ ਮਹੀਨੇ ਤੋਂ ਰਾਜਧਾਨੀ ਦਿੱਲੀ ਵਿੱਚ ਡੇਰਾ ਲਾਉਣ ਕਰ ਕੇ ਕਾਂਗਰਸ ਪਾਰਟੀ ਦੀ ਪ੍ਰਚਾਰ ਮੁਹਿੰਮ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਮੁਕਾਬਲੇ ਪੱਛੜੀ ਹੈ, ਪਰ ਭਾਜਪਾ ਮੁਕਾਬਲੇ ਅੱਗੇ ਹੈ। ਕਾਂਗਰਸ ਪਾਰਟੀ ਦੇ ਚੋਣ ਰਣਨੀਤੀਕਾਰ ਪ੍ਰਸ਼ਾਤ ਕਿਸ਼ੋਰ ਦੀ ਟੀਮ ਨੇ ਹਲਕੇ ਵਿੱਚ ਕੈਪਟਨ, ਹਰ ਘਰ ਨੂੰ ਇਕ ਨੌਕਰੀ ਜਾਂ ਬੇਰੁਜ਼ਗਾਰੀ ਭੱਤਾ ਦੇਣ, ਨੌਜਵਾਨਾਂ ਨੂੰ ਮੁਫਤ ਮੋਬਾਈਲ ਫੋਨ, ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਅਤੇ ਕੁਰਕੀ 'ਤੇ ਰੋਕ ਲਾਉਣ ਆਦਿ ਐਲਾਨਾਂ ਰਾਹੀਂ ਵੱਡੀ ਗਿਣਤੀ ਲੋਕਾਂ ਨਾਲ ਸੰਪਰਕ ਕੀਤਾ ਹੈ। ਇਸ ਟੀਮ ਨੇ ਸੂਬੇ ਦੇ 60 ਲੱਖ ਲੋਕਾਂ ਜਿਨ੍ਹਾਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ, ਨਾਲ ਲਗਾਤਾਰ ਸੰਪਰਕ ਕਾਇਮ ਕੀਤਾ ਹੋਇਆ ਹੈ ਤੇ ਇਸ ਸੰਪਰਕ ਮੁਹਿੰਮ ਨੇ ਕਾਂਗਰਸ ਨੂੰ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਬਿਹਤਰ ਸਥਿਤੀ ਵਿੱਚ ਪਹੁੰਚ ਦਿਤਾ ਸੀ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

# ਨਵੇਂ ਸਾਲ ਤੇ ਪਾਈਏ- ਨਵੀਆਂ ਪੈੜਾਂ ...!



ਗੁਰਦੀਸ਼ ਕੌਰ ਗਰੇਵਾਲ

ਹਰ ਸਾਲ ਨਵਾਂ ਸਾਲ ਚੜ੍ਹਦਾ ਹੈ ਤੇ ਬੀਤ ਜਾਂਦਾ ਹੈ। ਅਸਲ ਵਿੱਚ ਜ਼ਿੰਦਗੀ ਦਾ ਹਰ ਪਲ ਹੀ ਨਵਾਂ ਹੁੰਦਾ ਹੈ। ਜਿਹੜਾ ਪਲ ਬੀਤ ਗਿਆ ਉਹ ਮੁੜਕੇ ਹੱਥ ਨਹੀਂ ਆਉਂਦਾ। ਸਮਾਂ ਬੜੀ ਤੇਜ਼ੀ ਨਾਲ ਭੱਜ ਰਿਹਾ ਹੈ। ਤਬਦੀਲੀ ਕੁਦਰਤ ਦਾ ਨਿਯਮ ਹੈ। ਦਿਨ ਤੋਂ ਬਾਅਦ ਰਾਤ ਤੇ ਫਿਰ ਅਗਲਾ ਦਿਨ...ਇਸੇ ਤਰ੍ਹਾਂ ਦਿਨ, ਮਹੀਨੇ ਤੇ ਸਾਲ ਬੀਤਦੇ ਜਾ ਰਹੇ ਹਨ। ਅਸੀਂ ਬਚਪਨ ਤੋਂ ਜੁਆਨੀ ਤੇ ਫਿਰ ਬੁਢਾਪੇ ਵੱਲ ਤੁਰੇ ਜਾ ਰਹੇ ਹਾਂ। ਬੀਤਿਆ ਬਚਪਨ ਜਾਂ ਜੁਆਨੀ ਪਰਤ ਨਹੀਂ ਸਕਦੇ। ਭਾਈ ਵੀਰ ਸਿੰਘ ਜੀ ਅਨੁਸਾਰ-

"ਰਹੀ ਵਾਸਤੇ ਘੱਤ, ਸਮੇਂ ਨੇ ਇੱਕ ਨਾ ਮੰਨੀ।
ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ।

ਹਰ ਸਾਲ ਵਾਂਗ, ਅੱਜ ਫਿਰ ਨਵਾਂ ਸਾਲ ਸਾਡੀਆਂ ਬਰੂਹਾਂ ਤੇ ਖੜ੍ਹਾ ਹੈ। ਇਸ ਦਾ ਸਵਾਗਤ ਕਰਨ ਤੋਂ ਪਹਿਲਾਂ ਆਪਾਂ ਪਿਛਲੇ ਸਾਲ ਬਿਤਾਏ ਪਲਾਂ ਦਾ ਲੇਖਾ ਜੋਖਾ ਕਰ ਲਈਏ। ਜ਼ਰਾ ਆਪੋ ਆਪਣੇ ਮਨਾਂ ਅੰਦਰ ਝਾਤੀ ਮਾਰੀਏ। ਆਪਣੀ ਆਤਮਾ ਦੀ ਕਚਹਿਰੀ ਵਿੱਚ ਆਪਣੇ ਆਪ ਨਾਲ ਸੱਚ ਦੇ ਰੂ-ਬ -ਰੂ ਹੋਈਏ। ਇਕਾਗਰ ਚਿੱਤ ਹੋ ਕੇ ਸੋਚੀਏ ਤਾਂ ਪਿਛਲੇ ਸਾਲ ਦੀ ਪੂਰੀ ਤਸਵੀਰ ਸਾਡੇ ਸਾਹਮਣੇ ਆ ਜਾਏਗੀ- ਕਿ ਅਸੀਂ ਬੀਤੇ ਸਾਲ ਵਿੱਚ ਕਿੰਨੀ ਨੇਕ ਕਮਾਈ ਕੀਤੀ...ਪ੍ਰੇਮ ਪਿਆਰ, ਪਰਉਪਕਾਰ, ਸਮਾਜ ਭਲਾਈ ਤੇ ਨੇਕ ਕਾਰਜਾਂ ਦੀ ਕਿੰਨੀ ਕੁ ਪੂੰਜੀ ਇਕੱਤਰ ਕੀਤੀ? ਕਿੰਨਾ ਕੁ ਪਿਆਰ ਸਤਿਕਾਰ ਵੰਡਿਆ ਤੇ ਪਾਇਆ? ਕਿੰਨੇ ਕੁ ਝੂਠ ਬੋਲੇ, ਕਿੰਨਿਆਂ ਦਾ ਦਿੱਲ ਦੁਖਾਇਆ? ਕਿੰਨੀ ਵਾਰੀ ਜ਼ਿੰਮੇਵਾਰੀ ਤੋਂ ਬਚਣ ਲਈ ਬਹਾਨੇ ਲਾਏ? ਕਿਸੇ ਦਾ ਕਿੰਨਾ ਕੁ ਨੁਕਸਾਨ ਕੀਤਾ? ਕਿਸ ਕਿਸ ਨੂੰ ਕੌੜੇ ਬੋਲ ਬੋਲੇ? ਕਿਸ ਕਿਸ ਨਾਲ ਈਰਖਾ ਕੀਤੀ?..ਆਦਿ।

ਇਸ ਲੇਖੇ ਜੋਖੇ ਤੋਂ ਬਾਅਦ, ਨਵੇਂ ਸਾਲ ਲਈ ਆਪਣੇ ਆਪ ਨਾਲ ਵਾਅਦੇ ਜਾਂ ਸੰਕਲਪ ਲੈਣੇ ਹੋਣਗੇ ਕਿ-ਕਿਹੜੀ ਕਿਹੜੀ ਬੁਰੀ ਆਦਤ ਆਪਾਂ ਛੱਡਣੀ ਹੈ। ਸਿਰਫ ਸੰਕਲਪ ਲੈਣਾ ਹੀ ਜਰੂਰੀ ਨਹੀਂ, ਸਗੋਂ ਉਸ ਲਈ ਪੱਕਾ ਇਰਾਦਾ ਵੀ ਬਨਾਉਣਾ ਪਏਗਾ। ਮੰਨ ਲਵੋ ਤੁਹਾਡੀ ਸੇਹਤ ਠੀਕ ਨਹੀਂ ਰਹਿੰਦੀ...ਤੁਹਾਨੂੰ ਡਾਕਟਰ ਨੇ ਰੋਜ਼ਾਨਾ ਸੈਰ ਦੱਸੀ ਹੋਈ ਹੈ। ਪਰ ਤੁਸੀ ਕਦੇ ਕਰ ਲੈਂਦੇ ਹੋ ਕਦੇ ਆਲਸ ਕਰ ਲੈਂਦੇ ਹੋ। ਤਾਂ ਹੁਣ ਨਵੇਂ ਸਾਲ ਦੇ ਪਹਿਲੇ ਦਿਨ ਤੋਂ ਹੀ ਰੈਗੁਲਰ ਸ਼ੁਰੂ ਕਰ ਲਵੋ। ਜੇ ਕੋਈ ਨਸ਼ਾ ਕਰਦੇ ਹੋ ਤਾਂ ਉਸ ਨੂੰ ਛੱਡਣ ਦਾ ਸੰਕਲਪ ਕੀਤਾ ਜਾ ਸਕਦਾ ਹੈ। ਪਰ ਸਾਰੀ ਉਮਰ ਦੀਆਂ ਪੱਕੀਆਂ ਹੋਈਆਂ ਆਦਤਾਂ ਹੌਲੀ ਹੌਲੀ ਹੀ ਛੁਟਦੀਆਂ ਹਨ। ਸੋ ਕਾਹਲੇ ਨਾ ਪਵੋ। ਪਹਿਲਾਂ ਨਸ਼ੇ ਦੀ ਮਾਤਰਾ ਹਰ ਰੋਜ਼ ਘਟਾਉਂਦੇ ਜਾਓ। ਆਖਿਰ ਇੱਕ ਦਿਨ ਆਏਗਾ ਕਿ ਮਾਤਰਾ ਜ਼ੀਰੋ ਹੋ ਜਾਏਗੀ ਤੇ ਨਸ਼ਾ ਛੁੱਟ ਜਾਏਗਾ। ਜੇ ਕ੍ਰੋਧ ਬਹੁਤ ਆਉਂਦਾ ਹੈ ਤਾਂ ਇਸੇ ਤਰ੍ਹਾਂ ਉਸ ਦੇ ਵੀ ਕਾਬੂ ਪਾਉਣ ਦਾ ਯਤਨ ਕਰੋ। ਜੇ ਕਿਸੇ ਮਾਮੂਲੀ ਜਿਹੀ ਗੱਲ ਤੋਂ, ਆਪਣੇ ਜੀਵਨ ਸਾਥੀ ਨਾਲ ਦੂਰੀ ਬਣ ਗਈ ਹੈ ਤਾਂ ਨਵੇਂ ਸਾਲ ਵਿੱਚ ਸੁਲਾਹ ਕਰ ਲਵੋ। ਜੇ ਕਿਸੇ ਗਲਤ ਫਹਿਮੀ ਕਾਰਨ ਸਾਡਾ ਵਧੀਆ ਦੋਸਤ ਖੁੱਸ ਗਿਆ ਹੈ ਤਾਂ ਉਸ ਨੂੰ ਗਲੇ ਮਿਲ ਕੇ ਨਵੇਂ ਸਾਲ ਦੀ ਮੁਬਾਰਕਬਾਦ ਦਿਓ। ਲੋਕਾਂ ਦੇ ਚੰਗੇ ਕੰਮਾਂ ਦੀ ਪ੍ਰਸ਼ੰਸਾ ਉਪਰੋਂ ਨਹੀਂ ਦਿਲੋਂ ਕਰਨ ਦੀ ਕੋਸ਼ਿਸ਼ ਕਰੋ। ਸ਼ੁਕਰੀਆ ਜਾਂ ਮੇਹਰਬਾਨੀ ਕਹਿਣ ਦੀ ਆਦਤ, ਦੂਜਿਆਂ ਲਈ ਪ੍ਰੇਰਣਾਸ੍ਰੋਤ ਬਣਦੀ ਹੈ। ਸ਼ੁਕਰਾਨਾ ਉਸ ਅਕਾਲ ਪੁਰਖ ਦਾ ਵੀ ਕਰਨਾ ਚਾਹੀਦਾ ਹੈ ਜਿਸ ਨੇ ਅਣਗਿਣਤ ਦਾਤਾਂ ਦਿੱਤੀਆਂ ਹਨ। ਨਵੇਂ ਸਾਲ ਵਿੱਚ ਅਸੀਂ ਕਿਸੇ ਵਿਰੋਧੀ ਨੂੰ ਮਾਫ਼ ਕਰਕੇ, ਆਪਣੇ ਅੰਦਰ ਬਲਦੀ ਈਰਖਾ ਤੇ ਗੁੱਸੇ ਦੀ ਅੱਗ ਨੂੰ ਸ਼ਾਂਤ ਕਰ ਸਕਦੇ ਹਾਂ- ਜੋ ਦੂਜੇ ਦਾ ਨੁਕਸਾਨ ਘੱਟ ਪਰ ਸਾਡਾ ਵੱਧ ਕਰ ਰਹੀ ਹੈ। ਸਾਡੇ ਨਾਲ ਦੇ ਪਿੰਡ ਦੀ ਇੱਕ ਘਟਨਾ ਹੈ। ਦੋ ਜੱਟ ਸਿੱਖ ਪਰਿਵਾਰਾਂ ਦਾ ਖੇਤ ਦੀ ਵੱਟ ਤੋਂ ਵੈਰ ਸ਼ੁਰੂ ਹੋ ਗਿਆ। ਇੱਕ ਪਰਿਵਾਰ ਦੇ ਮੁੰਡੇ ਨੇ ਗੁੱਸੇ ਵਿੱਚ ਆ ਕੇ ਆਪਣੇ ਵਿਰੋਧੀ ਦੇ ਕਹੀ ਕੱਢ ਮਾਰੀ ਜਿਸ ਨਾਲ ਉਸ ਦੀ ਮੌਤ ਹੋ ਗਈ। ਕੇਸ ਚੱਲਿਆ ਮਾਰਨ ਵਾਲਾ ਜੇਲ੍ਹ ਗਿਆ ਪਰ ਜਦ ਉਹ ਕੈਦ ਕੱਟ ਕੇ ਮੁੜਿਆ ਤਾਂ ਦੂਜੇ ਪਰਿਵਾਰ ਨੇ ਉਸ ਦੇ ਮੁੰਡੇ ਨੂੰ ਮਾਰ ਦਿੱਤਾ। ਇਵੇਂ ਕਈ ਪੀੜ੍ਹੀਆਂ ਤੱਕ ਵੈਰ ਚਲਦਾ ਰਿਹਾ। ਦੋਹਾਂ ਧਿਰਾਂ ਦੇ ਕਈ ਬੰਦੇ ਮੁੱਕ ਗਏ ਇਸ ਬਦਲੇ ਦੀ ਭਾਵਨਾ ਸਦਕਾ। ਆਖਿਰ ਇੱਕ ਧਿਰ ਦੇ ਬਾਪ ਨੇ, ਜਿਸ ਦਾ ਵੱਡਾ ਪੁੱਤਰ ਇਸੇ ਦੁਸ਼ਮਣੀ ਵਿੱਚ ਮੁੱਕ ਚੁੱਕਾ ਸੀ..ਆਪਣੇ ਛੋਟੇ ਪੁੱਤਰ ਨੂੰ, ਨਵੇਂ ਵਰ੍ਹੇ ਤੇ ਵਿਰੋਧੀ ਧਿਰ ਦੀ ਵਿਧਵਾ ਮਾਂ ਕੋਲ ਭੇਜਿਆ... ਉਸ ਦੇ ਮੁੰਡੇ ਨਾਲ ਦੋਸਤੀ ਦਾ ਹੱਥ ਵਧਾਣ ਲਈ। ਇਸ ਪੀੜ੍ਹੀਆਂ ਦੇ ਵੈਰ ਵਿੱਚ ਆਪਣਾ ਪਤੀ ਗੁਆਉਣ ਵਾਲੀ ਔਰਤ ਨੇ, ਉਸ ਲੜਕੇ ਨੂੰ ਗਲਵਕੜੀ ਵਿੱਚ ਲੈ ਹੰਝੂਆਂ ਦੀ ਝੜੀ ਲਾ ਦਿੱਤੀ ਤੇ ਆਪਣੇ ਪੁੱਤਰ ਦਾ ਹੱਥ ਉਸ ਦੇ ਹੱਥ ਫੜਾ ਦਿੱਤਾ। ਪਿਛਲਾ ਸਭ ਕੁੱਝ ਭੁੱਲ ਕੇ, ਦੋਸਤੀ ਦੀ ਨਵੀਂ ਸ਼ੁਰੂਆਤ ਕੀਤੀ ਗਈ। ਉਸ ਦਿਨ ਤੋਂ ਦੋਹਾਂ ਖਾਨਦਾਨਾਂ ਨੇ ਸੁੱਖ ਦਾ ਸਾਹ ਲਿਆ।




ਸੂਝਵਾਨ ਬੰਦਿਆਂ ਵਲੋਂ ਪਾਈਆਂ ਇਸ ਤਰ੍ਹਾਂ ਦੀਆਂ ਨਵੀਆਂ ਪਿਰਤਾਂ ਤੋਂ ਆਪਾਂ ਵੀ ਸੇਧ ਲੈ ਸਕਦੇ ਹਾਂ। ਹੋ ਸਕਦਾ ਸਾਡੇ ਵੀ ਕੁੱਝ ਲੋਕਾਂ ਨਾਲ ਪਿਛਲੇ ਸਾਲ ਵਿੱਚ ਕੌੜੇ ਤਜਰਬੇ ਰਹੇ ਹੋਣ। ਉਹਨਾਂ ਨੂੰ ਘਿਰਣਾ ਕਰਨ ਦੀ ਬਜਾਏ ਮੁਆਫ਼ ਕਰ ਦੇਣ ਵਿੱਚ ਹੀ ਸਾਡੀ ਵਡੱਤਣ ਹੈ। ਸਾਡੇ ਤਾਂ ਗੁਰੂ ਸਾਹਿਬਾਂ ਨੇ ਬੇਦਾਵਾ ਪਾੜ ਕੇ ਸਾਨੂੰ ਖਿਮਾ ਕਰਨ ਦੀ ਜਾਚ ਦੱਸੀ ਹੋਈ ਹੈ। ਤੇ ਜੇਕਰ ਨਾਲ ਨਿਮਰਤਾ ਤੇ ਮਿਠਾਸ ਦਾ ਗੁਣ ਵੀ ਧਾਰਨ ਕਰ ਲਿਆ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। 'ਈਗੋ' ਜਾਂ ਹਉਮੈਂ ਕਾਰਨ ਸਾਡੇ ਰਿਸ਼ਤੇ ਤਾਰ ਤਾਰ ਹੋ ਰਹੇ ਹਨ। ਪਰਿਵਾਰ ਟੁੱਟ ਰਹੇ ਹਨ। ਸੁਖਮਨੀ ਸਾਹਿਬ ਵਿੱਚ ਵੀ ਆਉਂਦਾ ਹੈ-

ਆਪਸ ਕਉ ਜੋ ਜਾਨੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥

ਸੋ ਆਪਣੀ ਹਉਮੈਂ ਦਾ ਤਿਆਗ ਕਰਨ ਨਾਲ ਅਸੀਂ ਛੋਟੇ ਨਹੀਂ ਹੋ ਜਾਂਦੇ। ਸੋ ਅੱਜ ਇਹ ਵੀ ਪ੍ਰਣ ਲਈਏ ਕਿ ਅਸੀਂ ਛੋਟੀ ਛੋਟੀ ਗੱਲ ਨੂੰ 'ਈਗੋ' ਦਾ ਇਸ਼ੂ ਨਹੀਂ ਬਨਾਉਣਾ। ਸਾਡਾ ਇਹ ਫੈਸਲਾ ਸਾਡੇ ਪਰਿਵਾਰ ਨੂੰ ਸਵਰਗ ਬਨਾਉਣ ਵਿੱਚ ਸਹਾਈ ਹੋਵੇਗਾ।

ਮੈਂ ਇਸ ਨਵੇਂ ਸਾਲ ਦੀ ਸ਼ੁਰੂਆਤ ਤੇ ਆਪਣੇ ਪਰਵਾਸੀ ਵੀਰਾਂ ਭੈਣਾਂ ਨੂੰ ਵੀ ਬੇਨਤੀ ਕਰਦੀ ਹਾਂ ਕਿ ਆਪਾਂ ਇਸ ਮੁਲਕ ਦੇ, ਇੱਕ ਸਾਫ ਸੁਥਰੇ ਵਾਤਾਵਰਣ ਵਿੱਚ, ਆਪਣਾ ਬਹੁਤ ਕੁੱਝ ਗੁਆ ਕੇ ਪਹੁੰਚੇ ਹਾਂ। ਇਹ ਮਲਟੀ ਕਲਚਰਲ ਦੇਸ਼ ਹੈ। ਇਸ ਮੁਲਕ ਵਿੱਚ ਬਹੁਤ ਸਾਰੀਆਂ ਕੌਮਾਂ ਵੱਸਦੀਆਂ ਹਨ। ਸਾਰੀਆਂ ਕੌਮਾਂ ਆਪਣੇ ਭਾਈਚਾਰੇ ਦਾ ਵੱਧ ਤੋਂ ਵੱਧ ਭਲਾ ਲੋਚਦੀਆਂ ਹਨ। ਪਰ ਪਤਾ ਨਹੀਂ, ਕਿਉਂ ਅਸੀਂ ਲੋਕ ਇੱਕ ਦੂਜੇ ਦੀਆਂ ਲੱਤਾਂ ਖਿੱਚਣ ਵਿੱਚ ਹੀ ਆਪਣੀ ਤਾਕਤ ਤੇ ਵਕਤ ਗੁਆ ਰਹੇ ਹਾਂ? ਈਰਖਾ, ਸਾੜਾ ਤਾਂ ਸਾਡੇ ਵਿੱਚੋਂ ਜਾਂਦਾ ਹੀ ਨਹੀਂ। ਜੋ 30- 40 ਸਾਲ ਪਹਿਲਾਂ ਇਸ ਮੁਲਕ ਵਿੱਚ ਆਏ ਸਨ, ਉਹਨਾਂ ਦੇ ਪੈਰ ਬੱਝੇ ਹੋਏ ਹਨ- ਉਹ ਨਵਿਆਂ ਨੂੰ ਕਈ ਕਿਸਮ ਦਾ ਸਹਾਰਾ ਤੇ ਗਾਈਡੈਂਸ ਦੇ ਸਕਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ- ਕੁੱਝ ਪਰਿਵਾਰ ਤਾਂ ਇੰਮੀਗਰੈਂਟਸ ਦੀ ਹਰ ਤਰ੍ਹਾਂ ਮਦਦ ਕਰਦੇ ਹਨ। ਪਰ ਬਹੁਤੇ ਤਾਂ ਆਪਣੀ ਹਉਮੈਂ ਵਿੱਚ ਨਵਿਆਂ ਦਾ ਮਖੌਲ ਉਡਾਉਂਦੇ ਹਨ, ਈਰਖਾ ਕਰਦੇ ਹਨ। ਸਾਨੂੰ ਤਾਂ ਸਰਬੱਤ ਦੇ ਭਲੇ ਦੀ ਗੁੜ੍ਹਤੀ ਮਿਲੀ ਹੋਈ ਹੈ ਫਿਰ ਕਿਉਂ ਅਸੀਂ ਆਪਣੇ ਭਾਈਚਾਰੇ ਦਾ ਭਲਾ ਵੀ ਨਹੀਂ ਸੋਚਦੇ? ਜਦੋਂ ਅਸੀਂ ਆਪਣੀ ਸੋਚ ਬਦਲ ਲਈ ਤਾਂ ਸਾਡੀ ਕੌਮ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰੇਗੀ! ਅੰਤ ਵਿੱਚ ਮੈਂ ਤਾਂ ਇਹੀ ਕਹਾਂਗੀ ਕਿ ਆਓ ਅੱਜ ਆਪੋ ਆਪਣੇ ਮਨਾਂ ਵਿਚੋਂ- ਵਿਸ਼ੇ ਵਿਕਾਰਾਂ, ਹਉਮੈਂ, ਈਰਖਾ, ਸਾੜਾ, ਸੁਆਰਥ ਅਦਿ ਬੁਰੇ ਵਿਚਾਰਾਂ ਦਾ ਕੂੜਾ ਕਰਕਟ ਹੂੰਝ ਦੇਈਏ ਤੇ ਆਪਣੇ ਮਨ ਰੂਪੀ ਜ਼ਮੀਨ ਦੀ ਚੰਗੀ ਤਰ੍ਹਾਂ ਗੋਡੀ ਕਰਕੇ, ਸ਼ੁਧ ਵਿਚਾਰਾਂ ਦਾ ਪਾਣੀ ਲਾ ਕੇ- ਪਰਉਪ-ਕਾਰ, ਨੇਕੀ, ਭਲਾਈ, ਪ੍ਰੇਮ-ਪਿਆਰ, ਸਤਿਕਾਰ ਤੇ ਪ੍ਰਭੂ ਦੀ ਮਿੱਠੀ ਪਿਆਰੀ ਯਾਦ ਦੇ ਬੀਜ ਬੀਜੀਏ- ਜਿਸ ਵਿੱਚੋਂ ਉੱਗੀ ਹੋਈ ਗੁਲਾਬ ਦੇ ਫੁੱਲਾਂ ਵਰਗੀ ਫਸਲ, ਆਪਣੇ ਘਰ ਪਰਿਵਾਰ ਨੂੰ ਹੀ ਨਹੀਂ ਸਗੋਂ ਆਪਣੇ ਚੌਗਿਰਦੇ ਵਿੱਚ ਵੀ ਮਹਿਕਾਂ ਖਿੰਡਾ ਦੇਵੇ। ਕਹਿੰਦੇ ਹਨ ਕਿ ਰੱਬ ਨੂੰ ਪਿਆਰ ਕਰਨਾ ਹੈ ਤਾਂ ਉਸ ਦੇ ਬੰਦਿਆਂ ਨੂੰ ਪਿਆਰ ਕਰੋ। ਕਿਤੇ ਇਹ ਨਾ ਹੋਵੇ ਕਿ ਸਾਡੇ ਪ੍ਰੇਮ-ਪਿਆਰ ਤੋਂ ਸੱਖਣੇ ਦਿੱਲ, ਕੇਵਲ ਓਪਰੇ ਮਨੋਂ 'ਨਵਾਂ ਸਾਲ ਮੁਬਾਰਕ' ਕਹਿਣ ਜੋਗੇ ਹੀ ਰਹਿ ਜਾਣ!






## ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼ ਲੇਖ

# 'ਹੱਥਾਂ ਵਾਂਝ ਕਰਾਰਿਆਂ ਵੈਰੀ ਮਿੱਤ ਨਾ ਹੋਇ'

ਸਰਬੰਸਦਾਨੀ, ਇਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ, ਵਿਦਵਤਾ ਦੇ ਮੁਜੱਸਮੇ, ਮਹਾਨ ਲੇਖਕ, ਇਨਕਲਾਬੀ ਯੋਧੇ, ਕਰਮਜੋਗੀ, ਸੰਤ ਸਿਪਾਹੀ ਤੇ ਮਰਦ ਅਗੰਮੜੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 ਈਸਵੀ ਨੂੰ ਪਟਨਾ ਸਾਹਿਬ ਦੀ ਧਰਤੀ 'ਤੇ ਪਿਤਾ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਹੋਇਆ। ਸੂਬਾ ਸਰਹੰਦ ਵਜ਼ੀਰ ਖਾਂ, ਜਿਹੜਾ ਕਿ ਗੁਰੂ ਜੀ ਨਾਲ ਦੁਸ਼ਮਣੀ ਤੇ ਈਰਖਾ ਰੱਖਦਾ ਸੀ। ਉਸ ਨੂੰ ਇਹ ਗੱਲ ਵੀ ਚੰਗੀ ਨਹੀਂ ਲੱਗੀ ਕਿ ਗੁਰੂ ਸਾਹਿਬ ਦੀ ਮੁਗਲ ਸਮਰਾਟ ਬਹਾਦਰ ਸ਼ਾਹ-ਪਹਿਲਾ, ਨਾਲ ਨੇੜਤਾ ਕਿਉਂ ਵੱਧ ਗਈ ਹੈ। ਉਸ ਨੇ ਜਮਸ਼ੇਦ ਖਾਂ ਤੇ ਵਾਸਿਲ ਵੇਗ ਨਾਂ ਦੇ ਆਪਣੇ ਚਹੇਤੇ ਦੋ ਪਠਾਣਾਂ ਨੂੰ ਇਹ ਆਦੇਸ਼ ਦੇ ਕੇ ਨਾਂਦੇੜ (ਮਹਾਂਰਾਸ਼ਟਰ) ਭੇਜਿਆ ਕਿ ਉਹ ਗੁਰੂ ਸਾਹਿਬ ਨਾਲ ਨੇੜਤਾ ਗੰਢ ਕੇ, ਮੌਕਾ ਮਿਲਦੇ ਹੀ ਉਨ੍ਹਾਂ 'ਤੇ ਜਾਨਲੇਵਾ ਹਮਲਾ ਕਰਕੇ ਉਨ੍ਹਾਂ ਨੂੰ ਕਤਲ ਕਰ ਦੇਣ। ਉਨ੍ਹਾਂ ਪਠਾਣਾਂ ਨੇ ਇੰਝ ਹੀ ਕੀਤਾ ਤੇ ਮੌਕਾ ਮਿਲਦਿਆਂ ਹੀ ਗੁਰੂ ਜੀ 'ਤੇ ਕਾਤਲਾਨਾ ਹਮਲਾ ਕਰ ਦਿੱਤਾ, ਜਿਹੜਾ ਕਿ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ ਤੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਮਿਤੀ 7 ਅਕਤੂਬਰ, 1708 ਈਸਵੀ ਨੂੰ 42 ਸਾਲ ਦੀ ਉਮਰ 'ਚ ਨਾਂਦੇੜ ਵਿਖੇ ਮਾਨਵਤਾ ਦੀ ਸੇਵਾ ਕਰਦੇ ਹੋਏ ਜੋਤੀ-ਜੋਤ ਸਮਾਅ ਗਏ।

ਗੁਰੂ ਜੀ ਨੇ ਮਨੁੱਖਤਾ ਦੀ ਭਲਾਈ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਸਦੀਆਂ ਤੋਂ ਜ਼ੁਲਮ ਦੀ ਮਾਰ ਝੱਲ ਰਹੇ, ਦੱਬੇ-ਕੁੱਚਲੇ ਭਾਰਤੀ ਸਮਾਜ 'ਚ ਨਵੀਂ ਰੂਹ ਫੂਕੀ ਤੇ ਲੋਕਾਂ ਦੇ ਮਨਾਂ 'ਚੋਂ ਹਕੂਮਤੀ ਜਬਰ ਤੇ ਡਰ ਨੂੰ ਦੂਰ ਕਰਨ ਲਈ, ਅਜੋਕੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਸਿਰਤੋੜ ਯਤਨ ਕੀਤਾ। ਗੁਰੂ ਜੀ ਕਿੰਨੇ ਮਹਾਨ ਸਨ ਕਿ ਉਨ੍ਹਾਂ ਨੇ ਅੱਜ ਤੋਂ ਕੋਈ ਸਾਢੇ ਤਿੰਨ ਸੌ ਸਾਲ ਪਹਿਲਾਂ ਇਹ ਐਲਾਨ ਕੀਤਾ ਕਿ ਸਮੁੱਚੀ ਮਾਨਵਤਾ 'ਚ, ਉਸ ਇਕੋ ਅਕਾਲ-ਪੁਰਖ ਦੀ ਜੋਤ ਕੰਮ ਕਰ ਰਹੀ ਹੈ ਤੇ ਸਭ ਮਨੁੱਖ ਸਮਾਨ ਹਨ। ਉਨ੍ਹਾਂ ਨੂੰ ਜਾਤ-ਪਾਤ, ਨਸਲ ਤੇ ਰੰਗ ਭੇਦ ਦੇ ਆਧਾਰ 'ਤੇ ਵੰਡਿਆ ਨਹੀਂ ਜਾ ਸਕਦਾ। ਇਸ ਲਈ ਸਾਰੀ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ, ਸਭ ਨੂੰ ਪ੍ਰਮਾਤਮਾ ਦਾ ਰੂਪ ਸਮਝਣਾ ਚਾਹੀਦਾ ਹੈ:-

ਕੋਈ ਭਇਓ ਮੁੰਡੀਆ ਸੰਨਿਆਸੀ ਕੋਈ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ,
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ।।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।।

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਾ ਕੇ 'ਖਾਲਸਾ ਪੰਥ' ਦੀ ਸਿਰਜਣਾ ਕੀਤੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਅ ਕੇ 'ਸਿੰਘ' ਸਾਜਿਆ ਤੇ ਉਹਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ-ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਅਖਵਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਜੋ 'ਪੰਜ ਪਿਆਰਿਆਂ' ਦੀ ਚੋਣ ਕੀਤੀ, ਉਹ ਵੱਖ-ਵੱਖ ਵਰਗਾਂ ਦੇ ਪੱਛੜੇ ਹੋਏ ਲੋਕ ਸਨ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਇਹਨਾਂ 'ਚ ਸਿਰਫ਼ ਇਕ ਸਿੰਘ ਉੱਚ ਵਰਗ ਨਾਲ ਸਬੰਧਿਤ ਸੀ ਪਰ ਉਹ ਵੀ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ, ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ ਪੰਜ ਪਿਆਰਿਆਂ ਦੀ 'ਸਿਧਾਂਤਕ ਸੰਸਥਾ' 'ਤੇ ਨਾ ਤਾਂ ਕੋਈ ਉੱਚ ਜਾਤੀ ਜਾਂ ਵਰਗ ਦਾ ਦਬਦਬਾ ਰਿਹਾ ਤੇ ਨਾ ਹੀ ਕਿਸੇ ਇਕ ਜਾਤੀ ਜਾਂ ਵਰਗ ਵਿਸ਼ੇਸ਼ ਦਾ ਏਕਾਧਿਕਾਰ ਰਹਿ ਸਕਿਆ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ ਪ੍ਰਥਾ ਉੱਤੇ ਭਰਵੀਂ ਸੱਟ ਮਾਰੀ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਰ ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਨਕਾਰ ਦਿੱਤਾ ਤੇ ਮਾਨਵਵਾਦ ਨੂੰ ਪਰਮ ਅਗੇਤ ਦਿੱਤੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਜਾਤ-ਪਾਤ ਤੇ ਵਰਗਵਾਦ ਦੇ ਵਿਰੁੱਧ ਸ਼ੁਰੂ ਕੀਤੀ ਵਿਚਾਰਧਾਰਾ ਨੂੰ ਪ੍ਰਤੀਨਿਧਤਾ ਦਿੱਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ।।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼।।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬਾਂ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰੱਖਿਆ ਕਰਨਾ ਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਨ੍ਹਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ, ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦਾ ਧਰਮ-ਯੁੱਧ ਕਰਨ ਦਾ ਕਾਰਨ, ਲੋਕਾਂ 'ਤੇ ਹੋ ਰਹੇ ਜਬਰ-ਜ਼ੁਲਮ ਨੂੰ ਰੋਕਣਾ ਸੀ ਤੇ ਕਰਾਰੇ ਹੱਥ ਦਿਖਾ ਕੇ ਹੀ ਦੁਸ਼ਮਣ ਦੇ ਦੰਦ ਖੱਟੇ ਕਰਨਾ ਸੀ। ਉਹ ਆਪਣੇ ਜੀਵਨ ਦੇ ਮਨੋਰਥ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ' 'ਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ।।
ਧਰਮ ਹੇਤ ਗੁਰਦੇਵਿ ਪਠਾਏ।।
ਜਹਾ ਤਹਾ ਤੁਮ ਧਰਮ ਬਿਥਾਰੋ।।
ਦੁਸ਼ਟ ਦੋਖਯਨਿ ਪਕਰਿ ਪਛਾਰੋ।।
ਧਰਮ ਚਲਾਵਨ ਸੰਤ ਉਬਾਰਨ।।
ਦੁਸ਼ਟ ਸਭਨ ਕੋ ਮੂਲ ਉਪਾਰਿਨ।।

ਗੁਰੂ ਜੀ ਨੇ ਅਖੌਤੀ ਧਰਮ ਗੁਰੂਆਂ ਦੇ ਪਾਖੰਡਾਂ ਦੇ ਪਾਜ ਨੂੰ ਖੂਬ ਉਘਾੜਿਆ।



ਉਨ੍ਹਾਂ ਦੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ-ਪ੍ਰਸਤੀ, ਤੀਰਥਾਂ 'ਤੇ ਯਾਤਰਾ ਕਰਨੀ ਤੇ ਸਮਾਧੀਆਂ ਲਾਉਣਾ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਨ੍ਹਾਂ ਕਰਮਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ-ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:

ਕਹਾਂ ਭਯੋ ਜੋ ਦੋਉ ਲੋਚਨ
ਮੂੰਦ ਕੈ।
ਬੈਠ ਰਹਿਓ ਬਕ ਧਯਾਨ
ਲਗਾਇਓ।।
ਨਾਤ ਫਿਰਿਓ ਲੀਏ ਸਾਤ
ਸਮੁੰਦ੍ਰਨ।
ਲੋਕ ਗਇਓ ਪਰਲੋਕ ਗਵਾਇਓ।।
ਬਾਸ ਕੀਓ ਬਿਖਿਆਨ ਸੋ ਬੈਠਕੇ।
ਐਸੇ ਹੀ ਐਸ ਸੁ ਬੈਸ ਬਿਤਾਇਓ।।
ਸਾਚ ਕਹੋ ਸੁਨ ਲੇਹ ਸਭੈ।
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਨ੍ਹਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ 'ਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਉਣ ਦੀ ਜਾਚ ਦੱਸੀ। ਇਹੀ ਲੋਕ ਗੁਰੂ ਕਿਰਪਾ ਨਾਲ ਖਾਲਸਾ ਸਾਜ ਕੇ ਗੁਰੂ ਨਜ਼ਰਾਂ 'ਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸੇ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ,
ਨਹੀਂ ਮੋ ਸੇਗਰੀਬ ਕਰੋਰ ਪਰੈ।।



ਪ੍ਰੋ: ਐਚ.ਐਲ.ਕਪੂਰ
001- 916- 587-4002

ਦਸਮ-ਪਿਤਾ ਜੀ ਦੀ ਇਹ ਇਕ ਬਹੁਤ ਹੀ ਉੱਚੀ ਸੋਚ ਦਾ ਨਤੀਜਾ ਹੈ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ 'ਚ ਅਜਿਹੀ ਮਿਸਾਲ ਨਹੀਂ ਮਿਲਦੀ, ਖਾਲਸੇ ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ ਗੁਰੂ-ਪੰਥ ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮੈਂ ਹਉ ਕਰਉ ਨਿਵਾਸ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਤੇ ਰਹਿਬਰਾਂ ਵਾਂਗ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਵਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਨ੍ਹਾਂ ਅਕਾਲ-ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ' ਸਾਹਿਬ ਨੂੰ ਗੁਰੂ ਦਾ ਦਰਜਾ ਦੇ ਕੇ ਇਸ 'ਚੋਂ ਇਕ ਵਧੀਆ ਜੀਵਨ-ਜਾਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ 'ਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ ਸਗੋਂ 'ਗੁਰੂ ਗ੍ਰੰਥ' ਸਾਹਿਬ 'ਚ ਮਨੁੱਖੀ ਜੀਵਨ ਨੂੰ ਵਧੀਆ ਮਾਨਵ ਬਣਾਉਣ ਲਈ ਦਿੱਤੀਆਂ ਸਿੱਖਿਆਵਾਂ ਤੇ ਸਿਧਾਂਤਾਂ ਨੂੰ ਜੀਵਨ 'ਚ ਅਮਲ ਰੂਪ ਦੇਣਾ ਹੈ ਤੇ ਅਪਣਾ ਕੇ ਪਾਖੰਡਾਂ, ਅੰਧ-ਵਿਸ਼ਵਾਸਾਂ ਤੇ ਪੂਜਾ-ਪਾਠਾਂ ਦੀਆਂ ਵਿਧੀਆਂ ਤੋਂ ਦੂਰ ਰਹਿਣਾ ਹੈ। 'ਬਚਿਤ੍ਰ ਨਾਟਕ' 'ਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ।।
ਤੇ ਸਭ ਨਰਕ ਕੁੰਡ ਮਹਿ ਪਰਿ ਹੈ।।
ਮੋ ਕੋ ਦਾਸ ਤਵਨ ਕਾ ਜਾਨੋ।।
ਯਾ ਮੈ ਭੇਦੁ ਨਾ ਰੰਚ ਪਛਾਨੋ।।

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ਼ ਅਨੁਸਾਰ-'ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਨ੍ਹਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ 'ਤੇ ਜਾਦੂਈ ਅਸਰ ਹੋਇਆ ਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤ ਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ'' ਉਨ੍ਹਾਂ ਦਾ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿੱਜੀ ਗਰਜ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿਤ੍ਰ ਨਾਟਕ' 'ਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ ਕਹਾ
ਸੋ ਕਹਿਹੋ ਜਗ ਮਾਹਿ।।'

ਗੁਰੂ ਜੀ ਨੇ ਜੰਗਾਂ ਦੇ ਮੈਦਾਨ 'ਚ ਸਿਰਫ਼ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪ ਜੀ ਦੇ ਵੱਡੇ ਸਾਹਿ-ਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ 'ਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ 'ਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ 'ਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉੱਤਰ ਦਿੱਤਾ। ਇਹੋ ਜਿਹਾ ਉੱਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। 'ਪੰਥ ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:

ਇਨ ਪੁਤਰਨ ਕੇ ਸੀਸ ਪਰ,
ਵਾਰ ਦੀਏ ਸੁਤ ਚਾਰ।।
ਚਾਰ ਮੋਏ ਤੋ ਕਿਆ ਹੂਆ,
ਜੀਵਤ ਕਈ ਹਜ਼ਾਰ।।

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ, ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ 'ਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਵੇਖਿਆ ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕ-ਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮ-ਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ।।
ਸੂਲ ਸੁਰਾਹੀ ਖੰਜਰ ਪਿਆਲਾ,
ਭੱਠ ਖੇੜਿਆਂ ਦਾ ਰਹਿਣਾ''।

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ 'ਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖੂਨ ਵਹਾਉਣ 'ਚ ਰਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ- ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ 'ਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।'' ਅੱਜ ਵੀ ਸਾਰੀ ਦੁਨੀਆਂ 'ਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀਕਲਾ 'ਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਯੋਗੀ ਵਰਗਾ ਸ਼ਾਇਰ ਗੁਰੂ ਜੀ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ- 'ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।''

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਨਾਲ ਹੀ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਨ੍ਹਾਂ ਦੇ ਦਰਬਾਰ 'ਚ 52 ਸਾਹਿਤਕਾਰ ਸਨ ਜੋ ਰਾਤ-ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ। ਗੁਰੂ ਜੀ ਨੇ, ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ-ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਇਕ ਗ੍ਰੰਥ ਦੇ ਰੂਪ 'ਚ ਸੰਗ੍ਰਹਿ ਕਰਕੇ ਸਾਂਭਣ ਦਾ ਉਪਰਾਲਾ ਵੀ ਕੀਤਾ ਤੇ ਉਸ ਮਹਾਨ ਗ੍ਰੰਥ ਦਾ ਨਾਂ 'ਵਿਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌਂ ਮਣ ਦੇ ਕਰੀਬ ਸੀ, ਜੋ ਗੁਰੂ ਜੀ ਦੇ ਆਨੰਦਪੁਰ ਛੱਡਣ ਉਪਰੰਤ, ਸਰਸਾ ਨਦੀ ਪਾਰ ਕਰਦਿਆਂ ਹੜ੍ਹ ਆਉਣ ਕਾਰਨ ਦਰਿਆ 'ਚ ਰੁੜ੍ਹ ਗਿਆ।

ਇਹ ਪੰਜਾਬੀ ਸਾਹਿਤ ਜਗਤ ਦੇ ਇਤਿਹਾਸ 'ਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਪੰਜਾਬੀ ਸਾਹਿਤ ਦਾ ਗੁਰੂ ਜੀ ਦੇ ਸਮੇਂ ਦਾ ਇਕ ਅਮੀਰ ਸਾਹਿਤਕ ਖਜ਼ਾਨਾ ਸੀ। ਗੁਰੂ ਜੀ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਇਸ ਪ੍ਰਕਾਰ ਹਨ- ਪੰਜਾਬੀ ਵਿਚ 'ਚੰਡੀ ਦੀ ਵਾਰ' ਜੋ ਸਿੰਘਾਂ ਨੂੰ ਜੰਗਾਂ-ਯੁੱਧਾਂ ਲਈ ਤਿਆਰ ਕਰਨ ਲਈ ਢਾਡੀਆਂ ਦੁਆਰਾ ਗਾ ਕੇ ਸੁਣਾਈ ਜਾਂਦੀ ਸੀ।

ਇਸ ਬੀਰ ਰਸੀ ਵਾਰ ਦੀ ਰਚਨਾ ਦਾ ਉਦੇਸ਼ ਹੀ ਮਨੁੱਖ ਵਿਚ ਆਪਣੇ ਅਧਿਕਾਰਾਂ ਦੀ ਤੇ ਧਰਮ ਦੀ ਰੱਖਿਆ ਲਈ ਤੇ ਜ਼ਾਲਮ ਨੂੰ ਕਰਾਰੇ ਹੱਥ ਦਿਖਾ ਕੇ ਹੀ ਮਿੱਤਰਤਾ ਦਾ ਰਸਤਾ ਅਪਣਾਉਣ ਤੇ ਜ਼ੁਲਮ ਦਾ ਰਸਤਾ ਛੱਡਣ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ। ਪੰਜਾਬੀ 'ਚ ਇਕੋ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਹੈ। 'ਜ਼ਫ਼ਰਨਾਮਾ' ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ 'ਚ, ਜਿੱਤ ਦੇ ਪ੍ਰਤੀਕ ਵਜੋਂ ਫਾਰਸੀ ਜ਼ੁਬਾਨ 'ਚ ਲਿਖੀ ਗਈ ਇਕ ਮਹਾਨ ਕਲਾਕ੍ਰਿਤ ਹੈ। 'ਬਚਿਤ੍ਰ ਨਾਟਕ' ਗੁਰੂ ਜੀ ਦੀ ਸਵੈ-ਜੀਵਨੀ ਦੇ ਰੂਪ 'ਚ ਹੈ। ਦੁਨੀਆਂ ਦੇ ਇਤਿਹਾਸ 'ਚ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ-ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨੀ ਲਿਖੀ ਹੈ।

ਇਸ 'ਚ ਉਨ੍ਹਾਂ ਦੀ 32 ਸਾਲ ਦੀ ਉਮਰ ਤੱਕ ਦੇ ਜੀਵਨ-ਸਮਾਚਾਰ ਦਰਜ ਹਨ। ਇਹਨਾਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਸਾਹਿਤਕ ਰਚਨਾਵਾਂ ਹਨ ਜੋ 'ਦਸਮ ਗ੍ਰੰਥ' 'ਚ ਦਰਜ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ 'ਚ ਤੇ ਸਮਾਜ 'ਚ ਕ੍ਰਾਂਤੀ ਦੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ 'ਚ 14 ਲੜਾਈਆਂ ਲੜੀਆਂ ਹਨ। ਉਨ੍ਹਾਂ ਨੇ ਪਹਿਲਾਂ ਕਦੇ ਵੀ ਆਪ ਕਿਸੇ 'ਤੇ ਹਮਲਾ ਨਹੀਂ ਕੀਤਾ ਸਗੋਂ ਜੋ 'ਪੰਥ ਖਾਲਸਾ' ਦੇ ਦੋਖੀ ਸਨ ਤੇ ਜਿਨ੍ਹਾਂ ਤੋਂ ਖਾਲਸੇ ਦੀ ਚੜ੍ਹਤ ਬਰਦਾਸ਼ਤ ਨਹੀਂ ਹੁੰਦੀ ਸੀ ਤੇ ਸਿੱਖ ਧਰਮ ਦੀ ਵਧਦੀ ਪ੍ਰਸਿੱਧਤਾ ਨੂੰ ਨਫ਼ਰਤ ਕਰਦੇ ਸਨ, ਵੱਲੋਂ ਹੀ ਹਮੇਸ਼ਾ ਗੁਰੂ ਜੀ ਤੇ ਹਮਲੇ ਕਰਦੇ ਸਨ। ਇਹ ਜੰਗਾਂ ਉਨ੍ਹਾਂ ਨੇ ਜ਼ਮੀਨ 'ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ। ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਹਨਾਂ 'ਤੇ ਹੋ ਰਹੇ ਜ਼ੁਲਮਾਂ ਦੇ ਖ਼ਾਤਮੇ ਲਈ ਲੜੀਆਂ। ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਰਾਜ ਨੂੰ ਲੋਕ-ਹਿੱਤ 'ਚ ਚਲਾਵੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ: 'ਨਮੋ ਜੁੱਧ ਜਧੋ।' ਔਰੰਗਜ਼ੇਬ ਨੂੰ ਉਹ 'ਜ਼ਫਰਨਾਮੇ' 'ਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ, ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ।

ਜਿਨ੍ਹਾਂ ਨੇ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਵਾਉਣ ਲਈ ਤਿਆਰ-ਬਰ-ਤਿਆਰ ਹੋ ਗਏ:

ਚਿੜੀਓ ਸੇ ਮੈਂ ਬਾਜ ਤੁੜਾਊ।।
ਤਬੈ ਗੋਬਿੰਦ ਸਿੰਘ ਨਾਮ ਕਹਾਊ।।


ਆਓ! ਗੁਰੂ ਜੀ ਦੇ ਜੋਤੀ-ਜੋਤ ਪੁਰਬ 'ਤੇ ਉਨ੍ਹਾਂ ਨੂੰ ਸ਼ਰਧਾ ਸੁੰਮਨ ਪੇਸ਼ ਕਰਦੇ ਹੋਏ ਇਹ ਕਸਮ ਖਾਈਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ 'ਸਮਾਜਿਕ ਬਰਾਬਰੀ' ਦੇ ਸਿਧਾਂਤ ਉੱਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰਾਂਗੇ।

ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦੇ ਸਿਧਾਂਤ ਨੂੰ ਮਾਨਵਤਾ 'ਚ ਪਿਆਰ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ। ਸਮਾਜ 'ਚ ਕਮਜ਼ੋਰ ਤੇ ਗਰੀਬ ਆਦਮੀਆਂ 'ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕਰਾਜੀ ਕਦਰਾਂ-ਕੀਮਤਾਂ ਨਾਲ ਟਾਕਰਾ ਕਰਾਂਗੇ। ਸਮਾਜ 'ਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ। ਗੁਰੂ ਸਾਹਿਬਾਨ ਦੇ ਅੰਤਰ ਰਾਸ਼ਟਰੀ ਨਾਅਰੇ 'ਸਰਬੱਤ ਦਾ ਭਲਾ' ਨੂੰ ਅੰਤਰ ਰਾਸ਼ਟਰਵਾਦ ਦਾ ਰੂਪ ਦਿਆਂਗੇ। ਔਰਤ ਨੂੰ ਸਮਾਜ 'ਚ ਇੱਜ਼ਤ ਤੇ ਬਰਾਬਰੀ ਦਾ ਰੁਤਬਾ ਦਿਆਂਗੇ।

ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤੱਬਾਂ ਨੂੰ ਪਛਾਣਦੇ ਹੋਏ, ਮਾਨਵ ਹਿੱਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ 'ਤੇ ਚੱਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ। ਇਨ੍ਹਾਂ ਉਕਤ ਅਮਲਾਂ ਨਾਲ ਹੀ ਗੁਰੂ ਸਾਹਿਬਾਨ ਵੱਲੋਂ ਸਿਰਜਿਆ ਗਿਆ ਵਧੀਆ ਮਾਨਵ ਬਣਨ ਦਾ ਸੁਪਨਾ ਦੁਨੀਆਂ ਦੇ ਕੋਨੇ-ਕੋਨੇ 'ਚ ਸਿਰਜਿਆ ਜਾ ਸਕਦਾ ਹੈ। ਮੇਰੇ ਵੱਲੋਂ ਭਾਰਤ ਦੀ ਇਸ ਮਹਾਨ ਸ਼ਖਸੀਅਤ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੰਸਦਾਨੀ, ਵਿਦਵਤਾ ਦੇ ਮੁਜੱਸਮੇ, ਇਕ ਇਨਕਲਾਬੀ ਯੋਧੇ, ਕਰਮ ਯੋਗੀ, ਸੰਤ-ਸਿਪਾਹੀ, ਮਰਦ ਅਗੰਮੜੇ ਤੇ ਇਕ ਮਹਾਨ ਸਾਹਿਤਕਾਰ ਨੂੰ ਕੋਟਿ-ਕੋਟਿ ਪ੍ਰਣਾਮ।

# ਜਉ ਤਉ ਪ੍ਰੇਮ ਖੇਲਨ ਕਾ ਚਾਉ,
# ਸਿਰੁ ਧਰਿ ਤਲੀ ਗਲੀ ਮੇਰੀ ਆਉ
# ਇਤੁ ਮਾਰਗਿ ਪੈਰ ਧਰੀਜੈ,
# ਸਿਰੁ ਦੀਜੈ ਕਾਣਿ ਨ ਕੀਜੈ

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
350ਵੇਂ ਪ੍ਰਕਾਸ਼ ਦਿਹਾੜੇ ਅਤੇ
ਨਵੇਂ ਸਾਲ ਦੀਆਂ ਸਮੂਹ ਸਿੱਖ ਸੰਗਤ
ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ
ਅਤੇ ਸ਼ਰਧਾਵਾਨ ਸਿੱਖ ਕੌਮ ਨੂੰ ਲੱਖ-ਲੱਖ ਵਧਾਈ





## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

**530-824-5134**

### ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:

**650-642-0697**

## 3525 Highway 99, West Corning, CA 96021
Across the Street from TA Truck Stop



ਪ੍ਰਸਿਧ ਲੇਖਕ ਤੇ ਫਿਲਮਸ਼ਾਜ ਦਵਿੰਦਰ ਦਮਨ
ਹੁਣਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ
ਸਟੇਜ ਨਾਟਕ



# ਬਾਬਾ ਬੰਦਾ ਸਿੰਘ ਬਹਾਦਰ

## ਪ੍ਰੋਗਰੈਸਵ ਆਰਟ ਐਸੋਸੀਏਸ਼ਨ ਆਫ ਅਲਬਰਟਾ ਦੀ ਪੇਸ਼ਕਾਰੀ

ਦਾਖਲਾ ਮੁਫਤ ਹੈ

**ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈਆਂ ਜਥੇਬੰਦੀਆਂ ਵਲੋਂ ਕੈਲੇਫੋਰਨੀਆਂ ਦੇ ਤਿੰਨ ਸ਼ਹਿਰਾ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ।**

ਦਾਖਲਾ ਮੁਫਤ ਹੈ

### ਇੰਡੋ ਅਮੈਰੀਕਨ ਦੇਸ਼ ਭਗਤ ਫਾਊਡੇਸ਼ਨ ਆਫ ਬੇ-ਏਰੀਆ

**6 ਜਨਵਰੀ 2017, ਸ਼ਾਮ 6:30 ਵਜੇ**
Mt. Pleasant High School
1750 South White Road San Jose, CA 95127

### ਗਦਰ ਮੈਮੋਰੀਅਲ ਫਾਊਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ

**7 ਜਨਵਰੀ 2017 ਦਿਨ ਸ਼ਨੀਵਾਰ, 12 ਵਜੇ ਤੋਂ 5 ਵਜੇ ਤੱਕ**
Performing Art Center Sheldon High School
8333 Kingsbridge Dr, Sacramento, CA 95829

**ਬੁਲਾਰੇ** ਸ੍ਰ ਨਿਰਮਲ ਸਿੰਘ ਘੁੰਮਣ (ਸਰੀ ਕੈਨੇਡਾ)
ਡਾ ਗੁਰੂਮੇਲ ਸਿੱਧੂ (ਫਰਿਜਨੋ), ਸ੍ਰੀ ਮੁਲਖ ਰਾਜ ਸ਼ਰਮਾ

### ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਔਰਗੇਨਾਈਜੇਸ਼ਨ ਆਫ ਯੂਬਾਸਿਟੀ

**8 ਜਨਵਰੀ 2017 ਦਿਨ ਐਤਵਾਰ, 1 ਵਜੇ ਤੋਂ 5 ਵਜੇ ਤੱਕ**
Andros Kaperos School
1700 Camino De Flores Yuba City, CA 95993

ਪਰਿਵਾਰਾਂ ਸਮੇਤ ਸਮੇਂ ਸਿਰ ਪਹੁੰਚ ਕੇ ਇਸ ਇਤਿਹਾਸਿਕ ਨਾਟਕ ਨੂੰ ਵੇਖੋ।

## ਪ੍ਰਬੰਧਕ ਕਮੇਟੀ

### ਯੂਬਾਸਿਟੀ

ਮੁਲਖ ਰਾਜ ਸ਼ਰਮਾ (ਪ੍ਰਧਾਨ)
ਮੱਖਣ ਬਾਸੀ (ਸੈਕਟਰੀ)
(530-415-1680)
ਸ਼ਿੰਗਾਰਾ ਰਾਮ
ਅਜੈਬ ਸਿੰਘ ਪਨੂੰ
ਸੁੱਚਾ ਸਿੰਘ ਦਿਓਲ
ਰਵਿੰਦਰ ਸਹੋਤਾ
ਹਰਭਜਨ ਬਾਸੀ
ਬਲਬੀਰ ਬਾਸੀ
ਹਰਜਿੰਦਰ ਦੋਸਾਂਝ
ਸਤਿੰਦਰਵੀਰ ਬਾਸੀ
ਗੁਰਬਚਨ ਚੋਪੜਾ

### ਬੇ-ਏਰੀਆ

ਬਲਵੀਰ ਸਿੰਘ ਜੌਹਲ
(408-592-4044)
ਪੰਕਜ ਅੰਸਲ
(408-515-3178)
ਨਰਿੰਦਰ ਸਿੰਘ ਸੁਜੋਂ
(510-714-5058)
ਦਿਲਬਾਗ ਸਿੰਘ ਸੰਧੂ
ਭੁਪਿੰਦਰ ਸਿੰਘ ਸੰਧੂ
ਭੁਪਿੰਦਰ ਸਿੰਘ ਢਿਲੋਂ
ਰਾਜ ਭਨੋਟ
ਪ੍ਰੀਤਮ ਸਿੰਘ ਗਰੇਵਾਲ
ਸ਼ਾਮ ਕੁਮਾਰ
ਹਰਦਮਣ ਸਿੰਘ ਸੰਘੇੜਾ
ਸਰਬਜੋਤ ਸਿੰਘ ਸਵੱਦੀ

### ਸੈਕਰਾਮੈਂਟੋ

ਕੁਲਦੀਪ ਸਿੰਘ ਅਟਵਾਲ (ਚੇਅਰਮੈਨ)
(209-769-4784)
ਜਗਜੀਤ ਸਿੰਘ ਕੰਦੋਲਾ (ਜਨਰਲ ਸੈਕਟਰੀ)
(916-968-0901)
ਸੁਰਜੀਤ ਸਿੰਘ ਅਟਵਾਲ (ਪ੍ਰਧਾਨ)
(209-628-2382)
ਜਰਨੈਲ ਸਿੰਘ ਮੰਡੇਰ (ਮੀਤ ਪ੍ਰਧਾਨ)
(916-698-4245)
ਸਤਬੀਰ ਸਿੰਘ ਬਾਜਵਾ (ਮੀਤ ਪ੍ਰਧਾਨ)
(916-616-7200)
ਹਰਪਾਲ ਸਿੰਘ ਮਾਨ (ਵਾਇਸ ਚੇਅਰਮੈਨ)
(916-798-8641)

# ਲੋਪੋਕੇ ਭਰਾਵਾਂ ਨੇ ਸੈਕਰਾਮੈਂਟੋ ਵਿੱਚ ਲਾਈਆਂ ਸੁਰਾਂ ਦੀਆਂ ਛਹਿਬਰਾਂ

**ਸੈਕਰਾਮੈਂਟੋ–** ਅੱਜਕੱਲ ਕੈਲੇਫੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਵਿੱਚ ਪ੍ਰੋਗਰਾਮ ''ਮਹਿਫ਼ਿਲ ''ਰਾਹੀਂ ਨਾਮਣਾ ਖੱਟ ਰਹੇ ਪੰਜਾਬ ਤੋਂ ਆਏ ਗਾਇਕ ''ਲੋਪੋਕੇ ਬ੍ਰਦਰਜ਼''ਦੀ ਚਰਚਾ ਹਰ ਪਾਸੇ ਹੈ। ਰਾਜਧਾਨੀ ਸੈਕਰਾਮੈਂਟੋ ਵਿੱਚ ਹੋਏ ਇੱਕ ਸਮਾਗਮ ਵਿੱਚ ਗਾਇਕ ਭਰਾਵਾਂ ਨੇ ਗਾਇਕੀ ਦੇ ਖ਼ੂਬ ਰੰਗ ਬਿਖੇਰੇ। ਸਰੋਤਿਆਂ ਦੀ ਮੰਗ ਤੇ ਪ੍ਰਬੰਧਕਾਂ ਨੇ ਲੋਪੋਕੇ ਭਰਾਵਾਂ ਦਾ ਸ਼ੋਅ ਸੈਕਰਾਮੈਂਟੋ ਵਿੱਚ ਦੁਬਾਰਾ ਕਰਵਾਇਆ. ਗੋਲਡਨ ਸਟੇਟ ਟਰੱਕ ਸੇਲ ਦੇ ਮਾਲਕ ਧਰਮਿੰਦਰ ਸਿੰਘ ਤੇ ਸੁਰਿੰਦਰ ਸ਼ੇਰਗਿੱਲ ਵਲੋਂ ਕਰਵਾਏ ਗਏ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਵਿੱਚ ਗਾਇਕ ਭਰਾਵਾਂ ਲਖਬੀਰ ਲੋਪੋਕੇ ਤੇ ਰਾਜਿੰਦਰ ਲੋਪੋਕੇ ਨੇ ਸੁਰਾਂ ਦੀਆਂ ਛਹਿਬਰਾਂ ਲਾਈਆਂ। ਸ਼ੋਰ ਸ਼ਰਾਬੇ ਵਾਲੀ ਖੱਪ ਪਾਊ ਗਾਇਕੀ ਦੇ ਬਿਲਕੁਲ ਉਲਟ ਰੂਹ ਨੂੰ ਸਕੂਨ ਦੇਣ ਵਾਲੀਆਂ ਰਚਨਾਵਾਂ ਨੇ ਸਰੋਤਿਆਂ ਦੇ ਮਨ ਮੋਹ ਲਏ. ਲੋਕ ਗਾਇਕੀ ਦੇ ਨਾਲ ਨਾਲ ਸੂਫ਼ੀ ਗਾਇਕੀ ਦੀ ਮੁਹਾਰਤ ਰੱਖਣ ਵਾਲੇ ਇਹਨਾਂ ਗਾਇਕ ਭਰਾਵਾਂ ਨੇ ਕਮਾਲ ਦੀਆਂ ਬੰਦਿਸ਼ਾਂ ਪੇਸ਼ ਕਰਕੇ ਢਾਈ ਘੰਟੇ ਤੱਕ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ। ਕੀਬੋਰਡ 'ਤੇ ਨਰਿੰਦਰ ਬੱਗਾ ਅਤੇ ਤਬਲੇ 'ਤੇ ਇੰਡੀਆ ਤੋਂ ਆਏ ਮੰਗੀ ਸਹੋਤਾ ਨੇ ਸੁਰ ਤੇ ਤਾਲ ਦਾ ਮੇਲ ਕਰਵਾਉਂਦਿਆਂ ਸਮਾਗਮ ਨੂੰ ਤਾਜ਼ਗੀ ਬਖਸ਼ੀ। ਟੋਟਲ ਇੰਟਰ-ਟੇਨਮੈਂਟ ਦੇ ਅਵਤਾਰ ਲਾਖਾ ਅਤੇ ਵਿਜੇ ਸਿੰਘ ਨੇ ਦੱਸਿਆ ਕਿ "ਲੋਪੋਕੇ ਭਰਾਵਾਂ" ਦੀਆਂ ਅਗਲੀਆਂ ਮਹਿਫ਼ਿਲਾਂ 7 ਜਨਵਰੀ ਨੂੰ ਸਟਾਕਟਨ ਅਤੇ 14 ਜਨਵਰੀ ਨੂੰ ਫਰਿਜ਼ਨੋ ਵਿੱਚ ਹੋਣ ਜਾ ਰਹੀਆਂ ਹਨ। ਹੋਰ ਜਾਣਕਾਰੀ ਲਈ ਅਵਤਾਰ ਲਾਖਾ ਨਾਲ 209 -200 -0818 ਉੱਤੇ ਸੰਪਰਕ ਕਰ ਸਕਦੇ ਹੋ।

### ਖਾਸ ਧੰਨਵਾਦ

ਸੋਹਲ ਮੋਟਰਜ਼
ਸ਼ੇਖਰ ਇਸਲਾਮਾਬਾਦੀ, ਅਮਨਪ੍ਰੀਤ ਛੇਹਰਟਾ
ਜਤਿੰਦਰ ਜਿੰਦ, ਡਾ. ਅਮਰੀਕ ਸਿੰਘ ਭਾਟੀਆ
ਡਾ. ਭੁੱਲਰ ਲੋਪੋਕੇ
ਗੁਰਪ੍ਰੀਤ ਮੈਡੀਕਲ ਲੋਪੋਕੇ
ਈ ਨੈਕਸਟ ਕੰਪਿਊਟਰ ਸੈਂਟਰ
ਹਰਮਨ ਸ਼ੂ ਸਟੋਰ ਛੇਹਰਟਾ
ਮਲਕੀਤ ਸਿੰਘ ਔਲਖ ਲੋਪੋਕੇ
ਰਣਬੀਰ ਰਾਣਾ, ਰਾਜਬੀਰ ਚੀਮਾ
ਵਿਕਰਮਜੀਤ ਟੀਟੂ

### ਟੋਟਲ ਐਂਟਰਟੇਨਮੈਂਟ ਵੱਲੋਂ ਲੋਪੋਕੇ ਬ੍ਰਦਰਜ਼ ਦੇ ਕੈਲੇਫੋਰਨੀਆ ਵਿਖੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ:

7 ਜਨਵਰੀ ਸਟਾਕਟਨ
8 ਜਨਵਰੀ ਫਰੀਮੌਂਟ
11 ਜਨਵਰੀ ਫਰੀਮੌਂਟ
14 ਜਨਵਰੀ ਫਰਿਜ਼ਨੋ।




































ਟੋਟਲ ਐਂਟਰਟੇਨਮੈਂਟ ਵੱਲੋਂ ਲੋਪੋਕੇ ਬ੍ਰਦਰਜ਼ ਦੇ ਪ੍ਰੋਗਰਾਮ ਕਰਵਾਉਣ ਲਈ ਸੰਪਰਕ ਕਰੋ:
ਅਵਤਾਰ ਲਾਖਾ (209-200-0818)

ਹਮ ਏਹ ਕਾਜ ਜਗਤ ਮੋ ਆਏ।। ਧਰਮ ਹੇਤ ਗੁਰਦੇਵ ਪਠਾਏ।। ਜਹਾਂ ਤਹਾਂ ਤੁਮ ਧਰਮ ਬਿਥਾਰੋ।। ਦੁਸਟ ਦੋਖੀਯਨਿ ਪਕਰਿ ਪਛਾਰੋ।।
ਯਾਹੀ ਕਾਜ ਧਰਾ ਹਮ ਜਨਮੰ।। ਸਮਝਿ ਲੇਹੁ ਸਾਧੂ ਸਭ ਮਨਮੰ।। ਧਰਮ ਚਲਾਵਨ ਸੰਤ ਉਬਾਰਨ।। ਦੁਸਟ ਸਭਨ ਕੋ ਮੂਲ ਉਪਾਰਨ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀਆਂ ਸਮੂਹ ਸਿੱਖ ਸੰਗਤ ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਅਤੇ ਸ਼ਰਧਾਵਾਨ ਸਿੱਖ ਕੌਮ ਨੂੰ ਲੱਖ-ਲੱਖ ਵਧਾਈ।



ਮੱਖਣ ਸਿੰਘ ਬੈਂਸ



ਗਿਆਨੀ ਰਵਿੰਦਰ ਸਿੰਘ




Toll Free 1-866-FOR-RAJA
www.rajasweets.com
msbains@rajasweets.com
Follow us on:

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com